ਅਪ੍ਰੈਲ 1986
ਮੁੱਲ--ਦੋ ਰੁਪਏ
71

## ਇਸ ਅੰਕ ਵਿਚ

o ਸੰਪਾਦਕੀ : ਸਹੀ ਸਿਆਸਤ ਨੂੰ ਅਪਨਾ ਕੇ ਅਸੀਂ ਆਪਣੀ ਤਕਦੀਰ ਬਦਲ ਸਕਦੇ ਹਾਂ

o ਸੰਪਾਦਕੀ ਨੋਟ : ਪੰਜਾਬ ਅਸੈਂਬਲੀ ਵਿਚ ਬਹੁਤ ਸਮਾਂ ਕਾਂਗਰਸੀ ਅਤੇ ਅਕਾਲੀ ਇਕ ਦੂਜੇ ਨੂੰ ਮਿਹਣੇ ਮਾਰਦੇ ਰਹੇ, ਪਰ ਕਿਸੇ ਵੀ ਸਮੱਸਿਆ ਦਾ ਕੋਈ ਹੱਲ ਨਾ ਲੱਭ ਸਕੇ।

—ਪ੍ਰੀਤਲੜੀ ਵਿਚ ਛਪੀ ਸੰਤੋਖ ਸਿੰਘ ਧੀਰ ਦੀ ਕਹਾਣੀ 'ਬਦਲੀ ਹੋਈ ਹਵਾ' ਵਿਚ ਬਹੁਤ ਗ਼ਲਤ ਬਿਆਨੀ ਕੀਤੀ ਗਈ। ਐਡੀਟਰ ਪ੍ਰੀਤਲੜੀ ਨਕਸਲੀ ਲਹਿਰ ਬਾਰੇ ਬਿਲਕੁਲ ਅਨਜਾਣ ਹੈ। ਉਹਦੇ ਲਈ ਦੰਦ ਕਥਾ ਨਾਲੋਂ ਹਕੀਕਤ ਨੂੰ ਜਾਨਣਾ ਜ਼ਰੂਰੀ ਹੈ।

—ਸਚਿਤਰ ਕੌਮੀ ਏਕਤਾ ਵਿਚ ਸ਼ਹੀਦ ਭਗਤ ਸਿੰਘ ਬਾਰੇ ਜਸਬੀਰ ਸਿੰਘ ਸਰਨਾ ਦਾ ਲੇਖ ਭਗਤ ਸਿੰਘ ਦੇ ਮਹਾਨ ਇਨਕਲਾਬੀ ਮਿਸ਼ਨ ਨੂੰ ਫਿਰਕੂ ਰੰਗਤ ਦੇਣ ਦਾ ਕੋਝਾ ਜਤਨ ਹੈ।

o ਪ੍ਰਦੇਸਾਂ ਵਿਚ ਰਹਿ ਰਹੇ ਪੰਜਾਬੀ ਕਵੀਆਂ ਦੀਆਂ ਨਵੀਆਂ ਛਪੀਆਂ ਕਿਤਾਬਾਂ ਦੇ ਸੰਦਰਭ ਵਿਚ, ਜਿਨ੍ਹਾਂ ਨੂੰ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅਤੇ ਪਲਸ ਮੰਚ ਪ੍ਰਕਾਸ਼ਨ ਵੱਲੋਂ ਪ੍ਰਾਜੈਕਟ ਦੇ ਰੂਪ ਵਿਚ ਛਾਪਿਆ ਗਿਆ।

o 'ਜੇਕਰ ਮੈਂ ਟੈਲੀਵੀਜ਼ਨ ਦੇ ਪ੍ਰੋਗਰਾਮਾਂ ਦਾ ਇਨਚਾਰਜ ਹੁੰਦਾ ਤਾਂ ਮੈਂ ਸੰਤ ਭਿੰਡਰਾਂਵਾਲਾ ਨੂੰ ਟੈਲੀਵੀਜ਼ਨ ਵਿਚ ਲਿਆਉਂਦਾ। ਉਹਦੇ ਨਾਲ ਡੀਬੇਟ ਕਰਦਾ। ਮੈਨੂੰ ਯਕੀਨ ਹੈ ਕਿ ਮੈਂ ਦਲੀਲਾਂ ਦੇ ਕੇ ਉਹਦੀ ਮੌਤ ਤੋਂ ਪਹਿਲਾਂ ਹੀ ਉਹਦਾ ਭਾਂਡਾ ਚੁਰਾਹੇ ਵਿਚ ਭੰਨ ਸੁੱਟਦਾ।' ਖੁਸ਼ਵੰਤ ਸਿੰਘ ਦੀ ਇਕ ਇੰਟਰਵੀਊ।

o ਪੰਜਾਬ ਮਸਲੇ ਦਾ ਸਾਧਾਰਨ ਲੋਕਾਂ ਦੀ ਜ਼ਿੰਦਗੀ ਤੇ ਅਸਰ—ਮਹਿੰਦਰ ਮੱਟੂ ਵੱਲੋਂ ਬੁਰਜੂਆ ਸਿਆਸਤ ਦਾ ਖੰਡਨ।

o ਸੋਸ਼ਲਿਸਟ ਸਾਹਿਤ ਦੀਆਂ ਸਮੱਸਿਆਵਾਂ ਬਾਰੇ ਦਮਿਤਰੀ ਮਾਰਕੋਵ ਦੀ ਕਿਤਾਬ ਦੀ ਪੁਸਤਕ ਪਹਿਚਾਣ—ਆਧੁਨਿਕਤਾ-ਵਾਦ ਸੋਸ਼ਲਿਸਟ ਸਾਹਿਤ ਦਾ ਇਕ ਜ਼ਰੂਰੀ ਅੰਗ ਹੈ।

o ਅਧਿਆਪਕ ਵਰਗ ਦੀ ਸੋਚ ਅਤੇ ਵਰਤਾਰੇ ਬਾਰੇ ਗੁਰਨਾਮ ਸਿੰਘ ਦਾ ਇਕ ਲੇਖ।

o ਸਭਿਆਚਾਰ ਬਾਰੇ ਕੁਝ ਵਿਚਾਰ/ਹਰਬੰਸ ਚਾਹਲ

o ਆਤੰਕਵਾਦੀ ਕੌਣ ਹਨ ? ਸੁਖਦੇਵ ਮਾਹੀ ਦੀ ਟਿਪਣੀ ਅਤੇ ਸੰਪਾਦਕ ਦਾ ਜਵਾਬ।

o ਸੁਨਾਮ ਦੇ ਵਿਦਿਆਰਥੀਆਂ ਦੇ ਕੁਝ ਸਵਾਲ ਤੇ ਸੰਪਾਦਕ ਵਲੋਂ ਜਵਾਬ।

## ਸੰਪਾਦਕੀ : ਗੰਦੀ ਸਿਆਸਤ ਤੇ ਕਲਿਆਣਕਾਰੀ ਸਿਆਸਤ

ਸਮੁੱਚੇ ਦੇਸ਼ ਵਿਚ ਵਿਸ਼ੇਸ਼ ਕਰਕੇ ਪੰਜਾਬ ਵਿਚ ਜੋ ਹੋ ਰਿਹਾ ਹੈ, ਉਹਦਾ ਇਕ ਪ੍ਰਤੀਕਰਮ ਜੋ ਸਾਧਾਰਨ ਲੋਕਾਂ ਵਿਚ ਆਮ ਬਣਦਾ ਜਾ ਰਿਹਾ ਹੈ, ਉਹ ਇਹ ਹੈ ਕਿ ਸਿਆਸਤ ਇਕ ਗੰਦੀ ਖੇਡ ਹੈ। ਸਿਆਸਤਦਾਨ ਕੁਰਸੀ ਲਈ ਲੋਕਾਂ ਦੇ ਜਜ਼ਬਾਤ ਭੜਕਾਂਦੇ ਹਨ ਤੇ ਆਪਣਾ ਉੱਲੂ ਸਿੱਧਾ ਕਰਦੇ ਹਨ। ਇਸ ਤਰ੍ਹਾਂ ਸਾਧਾਰਨ ਲੋਕ ਉਸ ਸਾਜ਼ਿਸ਼ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਚੋਰ ਸਿਆਸਤਦਾਨ ਉਹਨਾਂ ਦੇ ਵਿਰੁਧ ਰਚ ਰਹੇ ਹਨ। ਉਹ ਚਾਹੁੰਦੇ ਹਨ ਕਿ ਆਮ ਆਦਮੀ ਸਿਆਸਤ ਤੋਂ ਉਪਰਾਮ ਹੋ ਜਾਏ ਅਤੇ ਜੋ ਕੁਝ ਉਹਦੇ ਨਾਲ ਬੀਤ ਰਹੀ ਹੈ, ਉਸਨੂੰ ਤਕਦੀਰ ਮੰਨ ਲਵੇ ਤੇ ਬੇਵੱਸ ਹੋ ਕੇ ਸਭ ਕੁਝ ਸਹਿੰਦਾ ਜਾਏ। ਸਾਨੂੰ ਇਸ ਸਾਜ਼ਿਸ਼ ਤੋਂ ਬਚਣਾ ਚਾਹੀਦਾ ਹੈ। ਸਾਨੂੰ ਭੁਲਣਾ ਨਹੀਂ ਚਾਹੀਦਾ ਕਿ ਕਿਸੇ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਦਾ ਸਾਰਾ ਤੌਰ ਤਰੀਕਾ ਇਸ ਗੱਲ ਤੇ ਨਿਰਭਰ ਹੈ ਕਿ ਉਸ ਦੇਸ਼ ਵਿਚ ਕਿਸ ਸਿਆਸਤ ਦਾ ਰਾਜ ਹੈ। ਇਹ ਤੌਰ ਤਰੀਕਾ ਸਿਰਫ ਸਿਆਸਤ ਰਾਹੀਂ ਹੀ ਬੇਹਤਰ ਕੀਤਾ ਜਾ ਸਕਦਾ ਹੈ।

o ਅੱਜ ਜਦੋਂ ਮਨੁੱਖ ਚੰਨ ਤੇ ਪੁੱਜ ਗਿਆ ਹੈ ਤੇ ਅਸੀਂ ਲੋਕ ਹਾਲੇ ਵੀ ਚਿੱਕੜਾਂ ਵਿਚ, ਮੱਖੀਆਂ, ਮੱਛਰਾਂ ਵਿਚ

ਜੀਂਦੇ ਪਏ ਹਾਂ ਤਾਂ ਇਹ ਸਿਆਸਤ ਦੀ ਹੀ ਸਾਨੂੰ ਦੇਣ ਹੈ ।

o ਸਾਡੇ ਅਸੈਂਬਲੀ ਵਿਚ ਗਏ ਨੁਮਾਇੰਦੇ ਜੇ ਇਸ ਗੱਲ ਬਾਰੇ ਗੌਰ ਨਹੀਂ ਕਰਦੇ ਤਾਂ ਉਹਦਾ ਕਾਰਨ ਇਹ ਹੈ ਕਿ ਉਹਨਾਂ ਨੂੰ ਇਨ੍ਹਾਂ ਗੱਲਾਂ ਦੀ ਤਕਲੀਫ਼ ਨਹੀਂ । ਉਹਨਾਂ ਦੀਆਂ ਸ਼ਹਿਰਾਂ ਵਿਚ ਤੇ ਚੰਡੀਗੜ੍ਹ ਵਿਚ ਆਪਣੀਆਂ ਕੋਠੀਆਂ ਹਨ, ਜਿਥੇ ਨਾ ਚਿੱਕੜ ਹੈ, ਨਾ ਮੱਖੀ ਹੈ, ਨਾ ਮੱਛਰ ਹੈ । ਇਹ ਲੋਕ ਗਰੀਬਾਂ ਦੇ ਨੁਮਾਇੰਦੇ ਕਿਸ ਤਰ੍ਹਾਂ ਚੁਣੇ ਜਾਂਦੇ ਹਨ, ਇਹ ਵੀ ਇਕ ਸਿਆਸਤ ਹੈ ।

o ਅਸੈਂਬਲੀ ਵਿਚ ਜਾਣ ਲਈ ਜਿਹੜੀਆਂ ਚੋਣਾਂ ਹੁੰਦੀਆਂ ਹਨ, ਉਹ ਹੌਲੇ ਹੌਲੇ ਬਿਲਕੁਲ ਪੈਸੇ ਦੀ ਖੇਡ ਬਣ ਗਈ ਹੈ । ਇਸ ਲਈ ਇਹ ਖੇਡ ਉਹੀ ਖੇਡ ਸਕਦਾ ਹੈ, ਜਿਸ ਕੋਲ ਲੱਖਾਂ ਹੋਣ ਜਾਂ ਉਹ ਲੱਖਾਂ ਇਕੱਠੇ ਕਰਨ ਦੀ ਸ਼ਕਤੀ ਰੱਖਦਾ ਹੋਵੇ । ਇਹ ਚੋਣਾਂ ਪੈਸੇ ਦੀ ਖੇਡ ਕਿਉਂ ਬਣ ਗਈਆਂ ਹਨ, ਇਹ ਵੀ ਸਿਆਸਤ ਹੈ ।

o ਬਲਵੰਤ ਸਿੰਘ, ਪੰਜਾਬ ਦਾ ਖਜ਼ਾਨਾ ਮੰਤਰੀ, ਜਿਹੜਾ ਕੁਝ ਸਾਲ ਪਹਿਲੇ ਮਾਮੂਲੀ ਪੂੰਜੀ ਦਾ ਮਾਲਕ ਸੀ ਤੇ ਹੁਣ ਲੱਖਾਂ ਕ੍ਰੋੜਾਂ ਦਾ ਮਾਲਕ ਹੈ ਤਾਂ ਇਹ ਵੀ ਸਿਆਸਤ ਹੈ ।

o ਸੁਖਜਿੰਦਰ ਸਿੰਘ ਪੰਜਾਬ ਦਾ ਵਿਦਿਆ ਮੰਤਰੀ, ਜਿਹੜਾ ਤਿੰਨ ਸਾਲ ਪਹਿਲਾਂ ਪੰਜਾਬ ਵਿਚ ਖਾਲਿਸਤਾਨ ਦਾ ਸਾਰਿਆਂ ਨਾਲੋਂ ਵੱਡਾ ਹਾਮੀ ਸੀ ਤੇ ਹੁਣ ਅਕਾਲੀ ਦਲ ਵਿਚ ਸਭ ਤੋਂ ਉੱਚੀ ਦੇਸ਼ ਦੀ ਏਕਤਾ ਦੀ ਆਵਾਜ਼ ਉੱਚੀ ਕਰਦਾ ਹੈ ਤਾਂ ਇਹ ਵੀ ਸਿਆਸਤ ਹੈ ।

o ਰਾਜੀਵ ਗਾਂਧੀ ਜੇਕਰ ਧਰਮ ਨਿਰਪੇਖਤਾ ਦੇ ਵਿਧਾਨ ਵਾਲੇ ਦੇਸ਼ ਦਾ ਪ੍ਰਧਾਨ ਮੰਤਰੀ ਹੋ ਕੇ ਫੇਰ ਵੀ ਹਿੰਦੂ ਸ਼ਾਵਨਵਾਦ ਨੂੰ ਉਭਾਰ ਕੇ ਵੋਟਾਂ ਦੀ ਗਿਣਤੀ ਮਿਣਤੀ ਕਰਦਾ ਹੈ ਤਾਂ ਇਹ ਵੀ ਸਿਆਸਤ ਹੈ ।

o ਉਗਰਵਾਦੀ ਕਦੋਂ ਤੇ ਕਿਥੇ ਕਾਰਵਾਈ ਕਰਦੇ ਹਨ, ਗੁਰਦੁਆਰੇ ਦੇ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਨੂੰ ਕਿਸ ਤਰ੍ਹਾਂ ਅਚਾਨਕ ਅੱਗ ਲੱਗ ਜਾਂਦੀ ਹੈ, ਪੁਲਸ ਤੇ ਸੋਕਿਉਰਿਟੀ ਫੌਜ ਦੇ ਹੁੰਦਿਆਂ ਵੀ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਹਫ਼ਤਾ ਭਰ ਇਕ ਸ਼ਹਿਰ ਨੂੰ ਘੇਰ ਕੇ ਉਥੋਂ ਦੇ ਵਸਨੀਕਾਂ ਦਾ ਦੁੱਧ ਪਾਣੀ ਰੋਕ ਸਕਦੇ ਹਨ ਤੇ ਉਹਨਾਂ ਦੇ ਜੀਣ ਦੇ ਹੱਕ ਨੂੰ ਖੋਹ ਸਕਦੇ ਹਨ, ਸ਼ਿਵ ਸੈਨਾ ਕਿਸ ਤਰ੍ਹਾਂ, ਰਾਤੋ ਰਾਤ ਹੋਂਦ ਵਿਚ ਆ ਜਾਂਦੀ ਹੈ ਤਾਂ ਇਹ ਵੀ ਸਿਆਸਤ ਹੈ । **ਤੇ ਇਸ ਸਿਆਸਤ ਨੂੰ ਸਮਝਣਾ ਵੀ ਸਿਆਸਤ ਹੈ । ਜੇ ਪਹਿਲੀ ਸਿਆਸਤ ਗੰਦੀ ਸਿਆਸਤ ਹੈ ਤਾਂ ਦੂਜੀ ਸਿਆਸਤ ਪਵਿੱਤਰ ਤੇ ਕਲਿਆਣਕਾਰੀ ਹੈ ।**

o ਜੇ ਐਸੇ ਨਿਜ਼ਾਮ ਬਣਾਏ ਜਾਂਦੇ ਹਨ ਜਿਥੇ ਕੋਈ ਵੀ ਨੌਜਵਾਨ ਬੇਰੁਜ਼ਗਾਰ ਨਹੀਂ ਰਹਿੰਦਾ, ਜਿਥੇ ਧਰਮ ਦੇ ਨਾਂ ਤੇ ਕੋਈ ਆਪਸੀ ਨਫ਼ਰਤ ਨਹੀਂ ਫੈਲਾ ਸਕਦਾ, ਜਿਥੇ ਕੋਈ ਵੀ ਸਿਰ ਦੀ ਛੱਤ ਤੋਂ ਬਗੈਰ ਸੜਕਾਂ ਤੇ ਸੌਣ ਤੇ ਮਜਬੂਰ ਨਹੀਂ ਹੁੰਦਾ, ਜਿਥੇ ਪੈਸੇ ਵਾਲਾ ਨਹੀਂ, ਸਗੋਂ ਯੋਗ ਵਿਅਕਤੀ ਹੀ ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਹੁੰਦਾ ਹੈ, ਜਿਥੇ ਬੇਈਮਾਨੀ ਕਰਕੇ ਲੱਖਾਂ ਕ੍ਰੋੜਾਂ ਜਮ੍ਹਾਂ ਨਹੀਂ ਕੀਤੇ ਜਾ ਸਕਦੇ, ਜਿਥੇ ਬੇ-ਅਸੂਲਾ ਬੰਦਾ ਮੰਤਰੀ ਨਹੀਂ ਬਣਦਾ, ਜਿਥੇ ਬਰਾਬਰੀ ਸਿਰਫ਼ ਨਾਅਰਾ ਨਹੀਂ, ਸਗੋਂ ਹਕੀਕਤ ਹੈ । ਜਿਥੇ ਕੋਈ ਮਰੀਜ਼ ਦਵਾਈ ਤੋਂ ਬਿਨਾਂ ਨਹੀਂ ਮਰਦਾ, ਜਿਥੇ ਕੋਈ ਬੁੱਢਾ ਬਗੈਰ ਸੇਵਾ ਦੇ ਰੁਲ ਰੁਲ ਕੇ ਨਹੀਂ ਮਰਦਾ, **ਤਾਂ ਇਹ ਦੂਜੀ ਸਿਆਸਤ ਦੀ ਦੇਣ ਹੈ, ਜੋ ਕਿ ਪਵਿੱਤਰ ਅਤੇ ਕਲਿਆਣਕਾਰੀ ਹੈ।**

ਸਾਨੂੰ ਇਹ ਸਿਆਸਤ ਲੈ ਕੇ ਲੋਕਾਂ ਵਿਚ ਜਾਣਾ ਪਵੇਗਾ । ਇਹ ਅੱਜ ਦੇ ਮਨੁੱਖ ਦੀ ਸਿਆਸਤ ਹੈ । ਇਹ ਬਿਲਕੁਲ ਸਪਸ਼ਟ ਸਿਆਸਤ ਹੈ । ਇਸਨੂੰ ਪੈਗੰਬਰਾਂ ਤੇ ਅਵਤਾਰਾਂ ਦੇ ਅਖਾਣਾਂ ਦੇ ਆਸਰੇ ਦੀ ਲੋੜ ਨਹੀਂ । ਸਾਧਾਰਨ ਲੋਕ ਇਸ ਸਿਆਸਤ ਨੂੰ ਸਮਝ ਸਕਦੇ ਹਨ, ਉਹ ਇਹਦੇ ਦੁਆਲੇ ਜਥੇਬੰਦ ਹੋ ਸਕਦੇ ਹਨ, ਲਾਮਬੰਦ ਹੋ ਸਕਦੇ ਹਨ । ਕਲਿਆਣ-ਕਾਰੀ ਸਿਆਸਤ ਦੀ ਸ਼ਬਦਾਵਲੀ ਨੂੰ ਬਦਲਕੇ ਲੋਕਾਂ ਦੀ ਸਮਝ ਵਿਚ ਆ ਰਹੀ ਸ਼ਬਦਾਵਲੀ ਵਿਚ ਆਪਣੀ ਗੱਲ ਲਿਜਾਣ ਦੀ ਲੋੜ ਹੈ । ਸਾਨੂੰ ਸ਼ਕਾਇਤ ਨਹੀਂ ਹੋਣੀ ਚਾਹੀਦੀ ਕਿ ਲੋਕ ਸਾਡੀ ਗੱਲ ਨਹੀਂ ਸੁਣਦੇ, ਜੇਕਰ ਹੁਣ ਨਹੀਂ ਸੁਣਦੇ ਤਾਂ ਥੋੜ੍ਹੀ ਦੇਰ ਨੂੰ ਸੁਣਨ ਲੱਗ ਪੈਣਗੇ । ਬਸ਼ਰਤੇ ਕਿ ਅਸੀਂ ਉਨ੍ਹਾਂ ਦੀ ਬੋਲੀ ਵਿਚ ਗੱਲ ਕਰੀਏ ਤੇ ਲਗਾਤਾਰ ਕਰਦੇ ਜਾਈਏ। ਇਸੇ ਤਰ੍ਹਾਂ ਕਰਨਾ ਸਾਡਾ ਫ਼ਰਜ਼ ਹੈ । ਸਿਆਸਤ ਤੋਂ ਪਰ੍ਹੇ ਜਾਣਾ ਨਹੀਂ, ਸਗੋਂ ਗੰਦੀ ਸਿਆਸਤ ਨੂੰ ਪਛਾਣਕੇ ਕਲਿਆਣ-ਕਾਰੀ ਸਿਆਸਤ ਨੂੰ ਅਪਨਾਉਣਾ ਅੱਜ ਦੀ ਲੋੜ ਹੈ । ਸਾਨੂੰ ਵਿਸ਼ਵਾਸ ਹੈ ਅਸੀਂ ਦੂਜੀ ਸਿਆਸਤ ਨੂੰ ਅਪਣਾ ਕੇ ਉਹ ਆਦਰਸ਼ਕ ਨਿਜ਼ਾਮ ਬਣਾ ਸਕਦੇ ਹਾਂ, ਜਿਸ ਦਾ ਉਪਰ ਜ਼ਿਕਰ ਕੀਤਾ ਗਿਆ ਹੈ । ਸਾਡੇ ਦੇਸ਼ ਵਿਚ ਉਹਦੇ ਲਈ ਲੋੜੀਂਦੇ ਸਾਧਨ ਅਤੇ ਸੂਝ ਹਾਜ਼ਰ ਹੈ ।

**ਗੁਰਸ਼ਰਨ ਸਿੰਘ**

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ । ਛਪਾਈ ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਸੰਪਾਦਕੀ ਨੋਟ

**o ਪੰਜਾਬ ਅਸੈਂਬਲੀ ਵਿਚ ਪੰਜਾਬ ਦੇ ਹਾਲਾਤ ਤੇ ਬਹਿਸ :** ਇਹ ਅਸੈਂਬਲੀ ਸੈਸ਼ਨ ਜਿੰਨੀ ਦੇਰ ਚਲਦਾ ਰਿਹਾ ਹੈ, ਕਾਂਗਰਸੀਆਂ ਅਤੇ ਅਕਾਲੀਆਂ ਦੇ ਦਰਮਿਆਨ ਮਿਹਣੇਬਾਜ਼ੀਆਂ ਤੋਂ ਸਿਵਾ ਕੁਝ ਨਹੀਂ ਪ੍ਰਾਪਤ ਕਰ ਸਕਿਆ। ਕਾਂਗਰਸ ਪਾਰਟੀ ਕੇਂਦਰ ਵਿਚ ਹਕੂਮਤ ਦੀ ਮਾਲਕ ਹੈ ਅਤੇ ਅਕਾਲੀ ਪਾਰਟੀ ਕੋਲ ਪੰਜਾਬ ਦੀ ਵਾਗਡੋਰ ਹੈ। ਪੰਜਾਬ ਦੇ ਜੋ ਹਾਲਾਤ ਹੁਣ ਹਨ, ਉਹਨਾਂ ਦੀ ਮੁੱਖ ਤੌਰ ਤੇ ਜ਼ਿੰਮੇਵਾਰੀ ਦੋਨੋਂ ਪਾਰਟੀਆਂ ਉਤੇ ਹੈ। ਕਾਂਗਰਸੀ ਮੈਂਬਰ ਜਿਹੜਾ ਵੀ ਬੋਲਦਾ ਉਸ ਦਾ ਜ਼ੋਰ ਸਾਰਾ ਇਸ ਗੱਲ ਤੇ ਲਗ ਜਾਂਦਾ ਕਿ ਅਕਾਲੀ ਹਕੂਮਤ ਕਰਨ ਦੇ ਯੋਗ ਨਹੀਂ, ਉਹਨਾਂ ਨੂੰ ਕੁਰਸੀ ਸਾਂਭਣੀ ਨਹੀਂ ਆਂਦੀ। ਉਹਨਾਂ ਦਾ ਮੁੱਦਾ ਇਹੀ ਹੈ ਕਿ ਸੂਬੇ ਵਿਚ ਗਵਰਨਰੀ ਰਾਜ ਹੋਵੇ, ਤਾਂ ਜੋ ਉਹਨਾਂ ਦੇ ਉੱਜੜੇ ਹੋਏ ਦਫਤਰਾਂ ਵਿਚ ਰੌਣਕ ਹੋਵੇ। ਉਹ ਜਾਣਦੇ ਹਨ ਕਿ ਗਵਰਨਰ ਜਿਹੜਾ ਵੀ ਹੋਵੇਗਾ ਉਹ ਕੋਈ ਕਾਂਗਰਸੀ ਹੀ ਹੋਵੇਗਾ (ਕਿਸੇ ਹੋਰ ਸੂਬੇ ਦਾ ਰੱਦ ਕੀਤਾ ਹੋਇਆ ਕਾਂਗਰਸੀ ਲੀਡਰ), ਇਸ ਲਈ ਅਸਿਧੇ ਤੌਰ ਤੇ ਉਹਨਾਂ ਦਾ ਰਾਜ ਹੀ ਹੋਵੇਗਾ। ਇਹਨਾਂ ਕਾਂਗਰਸੀ ਮੈਂਬਰਾਂ ਕੋਲ ਇਕ ਵੀ ਗੱਲ ਕੇਂਦਰ ਨੂੰ ਕਹਿਣ ਵਾਸਤੇ ਨਹੀਂ ਸੀ ਅਤੇ ਨਾ ਹੀ ਕੋਈ ਸੁਝਾਅ ਕ ਪੰਜਾਬ ਦੇ ਹਾਲਾਤ ਕਿਸ ਤਰ੍ਹਾਂ ਸੁਧਾਰੇ ਜਾ ਸਕਦੇ ਹਨ। ਅਕਾਲੀ ਜਦੋਂ ਬੋਲਦੇ ਤਾਂ ਉਹਨਾਂ ਨੂੰ ਘੜੀ ਮੁੜੀ ਨਵੰਬਰ ਵਾਲੀ ਦਿਲੀ ਦੀ ਯਾਦ ਤਾਂ ਰਹਿੰਦੀ, ਪਰ ਹੁਣ ਜੋ ਪੰਜਾਬ ਵਿਚ ਕਤਲ ਹੋ ਰਹੇ ਹਨ, ਉਹਨਾਂ ਦਾ ਧਿਆਨ ਉਹਨਾਂ ਨੂੰ ਨਾ ਰਹਿੰਦਾ। ਭਾਰਤੀ ਜੰਤਾ ਪਾਰਟੀ (ਜੰਨਸੰਗ) ਦਾ ਪੰਜਾਬ ਦੇ ਮਾਮਲੇ ਵਿਚ ਪਿਛਲਾ ਰੀਕਾਰਡ ਭਾਵੇਂ ਬਹੁਤ ਮਾੜਾ ਰਿਹਾ ਹੈ, ਪਰ ਲਗਦਾ ਹੈ ਕਿ ਹਾਲਾਤ ਨੇ ਉਹਨਾਂ ਨੂੰ ਅਸਲੀਅਤ ਦੇਖਣ ਤੇ ਮਜਬੂਰ ਕੀਤਾ ਹੈ। ਅਸੈਂਬਲੀ ਬਹਿਸ ਵਿਚ ਉਹਨਾਂ ਦੇ ਸੁਝਾਅ ਹਾਂ-ਪੱਖੀ ਰਹੇ ਹਨ। ਉਹਨਾਂ ਨੇ ਜਿਥੇ ਬਰਨਾਲਾ ਸਰਕਾਰ ਨੂੰ ਅਤਿਵਾਦੀਆਂ ਨਾਲ ਸਖਤੀ ਨਾਲ ਨਜਿਠਣ ਦੀ ਮੰਗ ਕੀਤੀ, ਉਥੇ ਕੇਂਦਰ ਨੂੰ ਵੀ ਦੋਸ਼ੀ ਠਹਿਰਾਇਆ ਕਿ ਉਹਨਾਂ ਨੇ 26 ਜਨਵਰੀ ਨੂੰ ਚੰਡੀਗੜ੍ਹ, ਪੰਜਾਬ ਦੇ ਹਵਾਲੇ ਨਾ ਕਰਕੇ ਜਾਣ ਬੁਝ ਕੇ ਪੰਜਾਬ ਦੇ ਹਾਲਾਤ ਵਿਗਾੜਣ ਵਿਚ ਵੱਡਾ ਹਿੱਸਾ ਪਾਇਆ ਹੈ। ਅਬੋਹਰ ਤੇ ਫਾਜ਼ਿਲਕਾ ਤੋਂ ਚੁਣੇ ਹੋਏ ਉਹਨਾਂ ਦੇ ਨੁਮਾਇੰਦਿਆਂ ਨੇ ਵੀ ਪੰਜਾਬ ਦੇ ਹਿੱਤਾਂ ਨੂੰ ਪਹਿਲ ਦਿਤੀ। ਉਂਝ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਹਰਿਆਣਾ ਵਿਚ ਆਪਣੀ ਪਾਰਟੀ ਦੇ ਸਾਥੀਆਂ ਨੂੰ ਵੀ ਇਹ ਸਮਝਕੇ ਕਿ ਉਹ ਪਾਰਟੀ ਦੇ ਸੌੜੇ ਹਿੱਤਾਂ ਦੀ ਖ਼ਾਤਿਰ ਉਹ ਦੇਵੀ ਲਾਲ-ਭਜਨ ਲਾਲ ਦੀ ਆਪਸੀ ਵਿਰੋਧ ਦੀ ਸਿਆਸਤ ਦਾ ਭਾਗ ਨਾ ਬਣਨ ਤੇ ਇਕ ਆਲ ਇੰਡੀਆ ਪਾਰਟੀ ਹੋਣ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਤਾਂ ਜੋ ਪੰਜਾਬ ਅਤੇ ਹਰਿਆਣਾ ਦੋਨੋਂ ਸੂਬਿਆਂ ਦੇ ਹਾਲਾਤ ਨਾਰਮਲ ਰਹਿਣ। ਇਸ ਵੇਲੇ ਜੋ ਹਾਲਤ ਬਣਦੀ ਜਾ ਰਹੀ ਹੈ, ਇਸ ਅਨੁਸਾਰ ਪੰਜਾਬ ਵਿਚ ਰਹਿ ਰਹੇ ਹਿੰਦੂਆਂ ਦੀ ਅਤੇ ਪੰਜਾਬ ਤੋਂ ਬਾਹਰ ਰਹਿ ਰਹੇ ਸਿਖਾਂ ਦੀ ਜਾਨ ਸੂਲੀ ਤੇ ਟੰਗੀ ਹੋਈ ਹੈ। ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਵਿਚ ਜੇ ਜ਼ਰਾ ਜਿੰਨੀ ਵੀ ਸੁਹਿਰਦਤਾ ਹੈ ਤਾਂ ਉਹਨਾਂ ਨੂੰ ਇਕ ਦੂਜੇ ਨੂੰ ਮਿਹਣੇ ਦੇਣ ਨਾਲੋਂ ਸਿਰ ਜੋੜ ਕੇ ਇਸ ਮਸਲੇ ਦਾ ਹੱਲ ਲਭਣਾਂ ਚਾਹੀਦਾ ਹੈ। ਐਵੇਂ ਲੋਕਾਂ ਦੇ ਜਜ਼ਬਾਤ ਖਾਹਮਖਾਹ ਨਹੀਂ ਭੜਕਾਣੇ ਚਾਹੀਦੇ।

**o ਸੰਤੋਖ ਸਿੰਘ ਧੀਰ ਦੀ ਕਹਾਣੀ 'ਬਦਲੀ ਹੋਈ ਹਵਾ' ਦੇ ਸੰਦਰਭ ਵਿਚ :** ਸੰਤੋਖ ਸਿੰਘ ਧੀਰ ਇਕ ਵਚਨਬੱਧ ਕਮਿਊਨਿਸਟ ਲੇਖਕ ਹਨ। ਉਹਨਾਂ ਨੂੰ ਇਹ ਮਾਨ ਹੈ। ਅਸੀਂ ਉਹਨਾਂ ਦੇ ਇਸ ਮਾਣ ਵਿਚ ਸ਼ਾਮਲ ਹਾਂ। ਉਹ ਆਪਣੀ ਬੇਬਾਕ ਕਥਨੀ ਕਰਕੇ ਵੀ ਜਾਣੇ ਜਾਂਦੇ ਹਨ ਪਰ ਇਹ ਗੁਣ ਓਹਨਾਂ ਨੂੰ ਇਹ ਹੱਕ ਨਹੀਂ ਦੇਂਦਾ ਕਿ ਉਹ ਆਪਣੇ ਨਾਲ ਸਹਿਮਤ ਨਾ ਹੋਣ ਵਾਲੇ ਲੋਕਾਂ ਬਾਰੇ ਗ਼ਲਤ ਬਿਆਨੀ ਕਰਨ, ਜਿਸਤਰ੍ਹਾਂ ਉਹਨਾਂ ਨੇ ਨਕਸਲੀਆਂ ਬਾਰੇ ਆਪਣੀ ਇਸ ਕਹਾਣੀ ਦੇ ਇਕ ਪੈਰੇ ਵਿਚ ਕੀਤਾ ਹੈ। ਉਸ ਵਿਚ ਇਕ ਪਾਤਰ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਲਿਖਿਆ ਹੈ-ਗੁਰੂ ਗਰੰਥ ਸਾਹਿਬ ਦੀ ਤਾਬੇ ਬੈਠਾ ਗ੍ਰੰਥੀ ਨਕਸਲੀ ਵਿਚਾਰ-ਧਾਰਾ ਦਾ ਧਾਰਨੀ ਸੀ। ਉਸ ਦੀ ਸੋਚ ਨਕਸਲੀ ਤੇ ਖਾਲਸਤਾਨੀ ਸੋਚ ਦਾ ਮਿਲਗੋਭਾ ਸੀ। **ਨਕਸਲੀ ਪੰਜਾਬ ਵਿਚ ਗੁਰਦੁਆਰਿਆਂ ਰਾਹੀਂ ਵੀ ਕਰਾਂਤੀ ਕਰਨਾ ਚਾਹੁੰਦੇ ਸਨ, ਉਹ ਇਸੇ ਦਾ ਪ੍ਰਤੀਕ ਸੀ।** ਕੀ ਉਹ ਨਕਸਲੀਆਂ ਦੇ ਵੱਖ ਵੱਖ ਗਰੁੱਪਾਂ ਵਿਚੋਂ ਕਿਸੇ ਗਰੁੱਪ ਵੱਲੋਂ ਕਿਸੇ ਵੀ ਦਸਤਾਵੇਜ਼ ਦਾ ਹਵਾਲਾ ਦੇ ਸਕਦੇ ਹਨ, ਜਿਸ ਵਿਚ ਇਹ ਜ਼ਿਕਰ ਹੋਵੇ ਕਿ ਕਰਾਂਤੀ ਗੁਰਦੁਆ-ਰਿਆਂ ਵਿਚੋਂ ਆਏਗੀ ? ਨਕਸਲਬਾੜੀ ਦੀ ਕਿਸਾਨੀ ਬਗਾਵਤ ਭਾਰਤ ਦੇ ਇਨਕਲਾਬ ਦੀ ਇਕ ਮਹੱਤਵ-

ਪੂਰਣ ਤੇ ਫ਼ਖ਼ਰ ਕਰਨ ਵਾਲੀ ਘਟਨਾ ਹੈ, ਜਿਸਤਰ੍ਹਾਂ ਤ੍ਰਿਲੰਗਨਾ ਹੈ। ਇਹ ਵੱਖਰੀ ਗਲ ਹੈ ਕਿ ਸੀ. ਪੀ ਆਈ ਅਤੇ ਸੀ. ਪੀ. ਐਮ ਨੇ ਉਸਨੂੰ ਨਹੀਂ ਅਪਣਾਇਆ। ਪੰਜਾਬ ਦੇ ਮਸਲੇ ਤੇ ਉਹਨਾਂ ਦਾ ਫਿਰਕਾਪ੍ਰਸਤੀ ਵਿਰੁਧ ਸੰਘਰਸ਼ ਹਮੇਸ਼ਾਂ ਅਨਿਖੜਵਾਂ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਕੇਂਦਰੀ ਹਕੂਮਤ ਵੱਲ ਜਾਂ ਕਥਿਤ ਦੇਸ਼ ਦੀ ਏਕਤਾ ਵਲ ਉਹਨਾਂ ਦਾ ਦ੍ਰਿਸ਼ਟੀਕੋਣ ਸੀ. ਪੀ. ਐਮ ਨਾਲੋਂ ਵੱਖ ਹੈ। ਨਕਸਲਬਾੜੀ ਨਾਲ ਸੰਬੰਧਤ ਗਰੁੱਪਾਂ ਵਿਚੋਂ ਬਹੁਤਿਆਂ ਦੀ ਰਾਏ ਹੈ ਕਿ 'ਦੇਸ਼ ਦੀ ਏਕਤਾ' ਦੇ ਨਾ ਤੇ ਕੇਂਦਰ ਵਲੋਂ ਵੱਖ ਵੱਖ ਇਲਾਕਿਆਂ ਦੀ ਜਾਂ ਘੱਟ ਗਿਣਤੀ ਦੇ ਲੋਕਾਂ ਦੀ ਜਿਹੜੀ ਵੱਖ ਪਹਿਚਾਣ ਦੀ ਕਲਚਰ ਹੈ, ਉਸ ਨੂੰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਹ ਇਸਦੇ ਵਿਰੁਧ ਹਨ। ਦੇਸ਼ ਦੀ ਏਕਤਾ ਬੁਰਜੂਆ ਪਾਰਟੀਆਂ ਦਾ ਫ਼ਿਕਰ ਹੋ ਸਕਦਾ ਹੈ, ਕਮਿਊਨਿਸਟਾਂ ਦਾ ਮੁੱਖ ਮੁੱਦਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਦਰਬਾਰ ਸਾਹਿਬ ਉਤੇ ਹੋਏ ਫੌਜੀ ਐਕਸ਼ਨ ਬਾਰੇ ਨਕਸਲਬਾੜੀ ਗਰੁਪਾਂ ਦੀ ਰਾਏ ਸੀ.ਪੀ.ਆਈ. ਤੇ ਸੀ. ਪੀ.ਐਮ. ਨਾਲੋਂ ਵੱਖ ਹੈ। ਨਾਗਾਲੈਂਡ, ਮੀਜ਼ੋਰਮ ਅਤੇ ਨੇਫਾ ਦੇ ਹੋਰ ਇਲਾਕਿਆਂ ਵਿਚ ਭਾਰਤੀ ਫ਼ੌਜ ਵਲੋਂ ਕੀਤੀਆਂ ਵਧੀਕੀਆਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਫ਼ੌਜੀ ਰਾਜ ਕਿਸੇ ਵੀ ਬਹਾਨੇ ਕਦੀ ਵੀ ਲੋਕਾਂ ਲਈ ਕਲਿਆਣਕਾਰੀ ਨਹੀਂ ਹੋ ਸਕਦਾ। ਪੰਜਾਬ ਵਿਚ ਉਹਨਾਂ ਦੇ ਤਿੰਨ ਚਾਰ ਮਹੀਨਿਆਂ ਦੇ ਰਾਜ ਨੇ ਇਹ ਸਾਬਤ ਵੀ ਕਰ ਦਿੱਤਾ। ਇਹ ਰਾਵਾਂ ਦਾ ਫ਼ਰਕ ਦੋਨੋਂ ਕਮਿਊਨਿਸਟ ਪਾਰਟੀਆਂ ਦੇ ਦਸਤਾਵੇਜ਼ਾਂ ਅਤੇ ਨਕਸਲੀ ਗਰੁਪਾਂ ਵਲੋਂ ਪ੍ਰਕਾਸ਼ਤ ਉਹਨਾਂ ਦੇ ਪਰਚਿਆਂ ਅਤੇ ਦਸਤਾਵੇਜ਼ਾਂ ਵਿਚੋਂ ਸਾਫ਼ ਪੜ੍ਹਿਆ ਜਾ ਸਕਦਾ ਹੈ। ਇਹਨਾਂ ਬਾਰੇ ਬਹਿਸ ਵੀ ਹੋ ਸਕਦੀ ਹੈ। ਮੇਰੀ ਆਪਣੀ ਨਿੱਜੀ ਰਾਏ ਅਨੁਸਾਰ ਇਹਨਾਂ ਵਖਰੇਵਿਆਂ ਦੇ ਹੁੰਦਿਆਂ ਹੋਇਆਂ ਵੀ ਖੱਬੀ ਧਿਰ ਵਲੋਂ ਫਿਰਕਾਪ੍ਰਸਤੀ ਦੇ ਵਿਰੁਧ ਪੰਜਾਬ ਵਿਚ ਇਕ ਸਾਂਝਾ ਮੁਹਾਜ਼ ਬਨਾਉਣ ਦਾ ਯਤਨ ਕੀਤਾ ਜਾ ਸਕਦਾ ਹੈ। ਲੋੜ ਸਿਰਫ਼ ਏਨੀ ਹੈ ਕਿ ਇਕ ਦੂਜੇ ਦੇ ਪੱਖ ਨੂੰ ਇਮਾਨਦਾਰੀ ਨਾਲ ਪੇਸ਼ ਕੀਤਾ ਜਾਏ। 'ਨਕਸਲੀ ਗੁਰਦੁਆਰਿਆਂ ਤੋਂ ਇਨਕਲਾਬ ਸ਼ੁਰੂ ਕਰਨਾ ਚਾਹੁੰਦੇ ਹਨ' ਇਹ ਬਿਲਕੁਲ ਹੀ ਗ਼ਲਤ ਬਿਆਨੀ ਹੈ। ਇਸੇ ਤਰ੍ਹਾਂ ਮਾਰਚ 1986 ਦੀ ਪ੍ਰੀਤਲੜੀ ਵਿਚ ਪਾਠਕਾਂ ਦੇ ਪੰਨੇ ਵਿਚ ਜਦੋਂ ਬਲਦੇਵ ਮਾਨ ਨੇ ਇਸ ਗ਼ਲਤ ਬਿਆਨੀ ਵੱਲ ਸੰਪਾਦਕ ਦਾ ਧਿਆਨ ਦਿਵਾਇਆ ਤਾਂ ਸੰਪਾਦਕ ਵੱਲੋਂ ਦਿੱਤਾ ਨੋਟ ਉਸ ਦੀ ਨਕਸਲੀ ਲਹਿਰ ਬਾਰੇ ਅਗਿਆਨਤਾ ਦਾ ਹੀ ਪ੍ਰਗਟਾਵਾ ਹੈ। ਇਹ ਨੋਟ ਇਸ ਤਰ੍ਹਾਂ ਹੈ—ਨਕਸਲੀਏ ਕੋਈ ਇਕ ਗੁੱਟ, ਇਕ ਜਥੇਬੰਦੀ, ਇਕ ਅਨੁਸ਼ਾਸਨ ਜਾਂ ਇਕ ਵਿਚਾਰਧਾਰਾ ਨਹੀਂ ਹਨ। ਦੰਦ ਕਥਾ ਵਿਚ ਸੱਚ ਕਾਫ਼ੀ ਹੁੰਦਾ ਹੈ—ਸੰਪਾਦਕ ਦਾ ਇਹ ਨੋਟ ਬਿਲਕੁਲ ਗ਼ੈਰ-ਜ਼ਿੰਮੇਵਾਰ ਹੈ। ਲਗਦਾ ਹੈ ਕਿ ਉਹ ਰਾਜਸੀ ਤੱਥਾਂ ਤੋਂ ਬਿਲਕੁਲ ਅਨਜਾਣ ਹੈ। ਨਕਸਲਬਾੜੀ ਲਹਿਰ ਦੇਸ਼ ਦੇ ਰਾਜਸੀ ਜੀਵਨ ਵਿਚ ਇਕ ਠੋਸ ਹਕੀਕਤ ਹੈ। ਇਸ ਲਹਿਰ ਨਾਲ ਸਬੰਧਤ ਗਰੁੱਪਾਂ ਦਾ ਆਪਣਾ ਅਨੁਸ਼ਾਸਨ ਹੈ। ਆਪਣੀਆਂ ਸਪੱਸ਼ਟ ਨੀਤੀਆਂ ਹਨ। ਉਹਨਾਂ ਦੇ ਆਪਣੇ ਪਰਚੇ ਅਤੇ ਨੀਤੀ ਦਸਤਾਵੇਜ਼ਾਂ ਹਨ। ਇਹ ਲਿਖਤਾਂ ਕੋਈ ਦੰਦ-ਕਥਾ ਨਹੀਂ ਹਨ। ਸੰਪਾਦਕ ਨੂੰ ਇਹਨਾਂ ਬਾਰੇ ਜੇਕਰ ਜਾਣਕਾਰੀ ਨਹੀਂ ਤਾਂ ਕੋਈ ਟਿਪਣੀ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**o ਸਚਿੱਤਰ ਕੌਮੀ ਏਕਤਾ ਵਿਚ ਸ਼ਹੀਦ ਭਗਤ ਸਿੰਘ ਬਾਰੇ ਜਸਬੀਰ ਸਿੰਘ ਸਰਨਾ ਦੇ ਲਿਖੇ ਲੇਖ ਦੇ ਸੰਦਰਭ ਵਿਚ :**

ਇਸ ਲੇਖ ਵਿਚ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਭਗਤ ਸਿੰਘ ਇਕ ਧਾਰਮਕ ਵਿਅਕਤੀ ਸੀ। ਉਹਨੇ ਆਪਣੇ ਹਿੰਦੂ ਸਾਥੀਆਂ ਦੇ ਗ਼ਲਤ ਅਸਰ ਥੱਲੇ ਆਪਣੇ ਕੇਸ ਕਤਲ ਕਰਵਾਏ, ਪਰ ਸੰਤ ਰਣਧੀਰ ਸਿੰਘ ਹੋਰਾਂ ਦੇ ਅਸਰ ਥੱਲੇ ਉਹਨੇ ਆਖਰੀ ਦਿਨਾਂ ਵਿਚ ਆਪਣੀ ਗ਼ਲਤੀ ਦਾ ਅਹਿਸਾਸ ਕੀਤਾ ਅਤੇ ਫ਼ਾਂਸੀ ਤੋਂ ਪਹਿਲਾਂ ਉਹ ਤਿਆਰ ਬਰ ਤਿਆਰ ਖਾਲਸਾ ਸੀ। ਭਗਤ ਸਿੰਘ ਦੀ ਪ੍ਰਸਿੱਧ ਲਿਖਤ 'ਮੈਂ ਨਾਸਤਕ ਕਿਉਂ ਹਾਂ' ਬਾਰੇ ਜਸਬੀਰ ਸਿੰਘ ਸਰਨਾ ਦੀ ਇਹ ਧਾਰਨਾ ਹੈ ਕਿ ਇਹ ਵੀ ਗ਼ਲਤ ਅਸਰ ਦੇ ਥੱਲੇ ਲਿਖੀ ਗਈ। ਜੇ ਭਗਤ ਸਿੰਘ ਕੋਲੋਂ ਸਮਾਂ ਹੁੰਦਾ ਤਾਂ ਉਹਨੇ ਇਸ ਲਿਖਤ ਬਾਰੇ ਜ਼ਰੂਰ ਅਫ਼ਸੋਸ ਜ਼ਾਹਰ ਕਰਨਾ ਸੀ ਅਤੇ ਇਸ ਲਿਖਤ ਨੂੰ ਵਾਪਸ ਲੈ ਲੈਣਾ ਸੀ। ਕੌਮੀ ਏਕਤਾ ਵਿਚ ਛਪਿਆ ਇਹ ਬੇਸਿਰ ਪੈਰ ਵਾਲਾ ਲੇਖ ਸਾਬਤ ਕਰਦਾ ਹੈ ਕਿ ਧਾਰਮਕ ਸ਼ਾਵਨਵਾਦ ਦਾ ਰੋਗ ਜਸਬੀਰ ਸਿੰਘ ਸਰਨਾ ਵਰਗੇ ਪ੍ਰਤਿਭਾਸ਼ਾਲੀ ਕਵੀ ਤੇ ਬੁੱਧੀਜੀਵੀ ਬੰਦਿਆਂ ਦੀ ਸੋਚ ਨੂੰ ਕਿਸ ਤਰ੍ਹਾਂ ਅੰਨ੍ਹਿਆਂ ਕਰ ਦੇਂਦਾ ਹੈ। ਭਗਤ ਸਿੰਘ ਦਾ ਇਤਿਹਾਸ ਕੋਈ ਹਜ਼ਾਰ ਦੋ ਹਜ਼ਾਰ ਸਾਲ ਪੁਰਾਣਾ ਨਹੀਂ ਕਿ ਉਸ ਵਿਚ ਮਿਥਿਹਾਸ ਦੀਆਂ ਬੇ-ਤੁੱਕੀਆਂ ਜੋੜੀਆਂ ਜਾਣ। ਉਹਦੇ ਸਮਕਾਲੀ ਅਜੇ ਜ਼ੀਂਦੇ ਹਨ, ਜੋ ਉਹਦੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਜਾਣਦੇ ਹਨ। ਉਹਦੀਆਂ ਲਿਖਤਾਂ ਹੁਣ ਵੱਡੀ ਗਿਣਤੀ ਵਿਚ ਮਿਲਦੀਆਂ

ਜਨ ਉਹਨਾਂ ਬਾਰੇ ਇਕ ਕਿਤਾਬ ਵੀ ਛਪ ਚੁੱਕੀ ਹੈ। ਭਗਤ ਸਿੰਘ ਦੀ ਆਪਣੇ ਸਾਥੀਆਂ ਨਾਲ ਰਲਕੇ ਬਣਾਈ ਨੌਜਵਾਨ ਭਾਰਤ ਸਭਾ ਜਾਂ ਇੰਡੀਅਨ ਰੀਪਬਲਿਕਨ ਆਰਮੀ ਵਿਚ ਕਿਸੇ ਵੀ ਧਾਰਮਿਕ ਵਿਚਾਰ ਦਾ ਦਖ਼ਲ ਨਹੀਂ ਸੀ। ਭਗਤ ਸਿੰਘ ਜਿਸ ਲਹਿਰ ਦਾ ਕਾਰਕੁਨ ਸੀ, ਉਸ ਵਿਚ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹ ਕਾਰਕੁਨ ਹਿੰਦੂ ਹੈ, ਸਿੱਖ ਹੈ ਜਾਂ ਮੁਸਲਮਾਨ ਹੈ। ਭਗਤ ਸਿੰਘ ਇਨਕਲਾਬ ਦੇ ਕਾਜ਼ ਦਾ ਸ਼ਹੀਦ ਸੀ, ਉਹ ਕਿਸੇ ਹੋਰ ਕਾਜ਼ ਲਈ ਸ਼ਹੀਦ ਨਹੀਂ ਹੋਇਆ ਸੀ। ਉਹਦੀ ਸ਼ਹਾਦਤ ਦਾ ਸਿੱਖੀ ਨਾਲ ਕੋਈ ਵਾਸਤਾ ਨਹੀਂ ਸੀ। ਇਸੇ ਤਰ੍ਹਾਂ ਇਸ ਨਾਲ 23 ਮਾਰਚ ਜਦੋਂ ਸ਼ਾਮ 7-30 ਵਜੇ ਟੀ. ਵੀ. ਤੇ ਖ਼ਬਰਾਂ ਦਿਖਾਈਆਂ ਜਾਂ ਰਹੀਆਂ ਸਨ ਤਾਂ ਇਕ ਝਲਕ ਕਿਸੇ ਆਰੀਆ ਸਮਾਜ ਮੰਦਰ ਦੀ ਦਿਖਾਈ ਗਈ, ਜਿਥੇ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਉਥੇ ਹਵਨ ਹੋ ਰਿਹਾ ਸੀ। ਉਹ ਸ਼ਾਇਦ ਇਹ ਦਸਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਭਗਤ ਸਿੰਘ ਆਰੀਆ ਸਮਾਜੀ ਸੀ। ਇਹ ਵੀ ਨੋਟ ਕੀਤਾ ਗਿਆ ਕਿ ਹਿੰਦੂ ਜ਼ਹਿਨੀਅਤ ਵਾਲੀਆਂ ਅਖ਼ਬਾਰਾਂ ਵਿਚ ਇਹ ਫੋਟੋ ਪੱਗ ਵਾਲੀ ਹੋਵੇਗੀ। ਫਿਰਕੂ ਸ਼ਾਵਨਵਾਦੀਆਂ ਵੱਲੋਂ ਭਗਤ ਸਿੰਘ ਦੇ ਨਾਂ ਨੂੰ ਇਕ ਫਿਰਕੇ ਨਾਲ ਜੋੜਣ ਦੀ ਇਹ ਕੋਸ਼ਿਸ਼ ਪੂਰੀ ਤਰ੍ਹਾਂ ਨਿੰਦਣਯੋਗ ਹੈ। ਇਹਦਾ ਨੋਟਿਸ ਲੈਣਾ ਜ਼ਰੂਰੀ ਹੈ ਤਾਂ ਜੋ ਭਗਤ ਸਿੰਘ ਬਾਰੇ ਕੋਈ ਗ਼ਲਤ ਧਾਰਨਾ ਲੋਕਾਂ ਵਿਚ ਨਾ ਜਾਏ।

o

## ਧਰਮ ਸਾਡੇ ਸਮਾਜ ਨੂੰ ਤੋੜ ਰਿਹਾ ਹੈ

[ਮਾਸਿਕ 'ਯੋਜਨਾ' ਦੇ ਮੁੱਖ ਸੰਪਾਦਕ-ਆਰ. ਠੁਕਰਾਲ ਦੀ ਪ੍ਰਸਿਧ ਪੱਤਰਕਾਰ ਖੁਸ਼ਵੰਤ ਸਿੰਘ ਨਾਲ ਇਕ ਮੁਲਾਕਾਤ]

ਇਸ ਮੁਲਾਕਾਤ ਦੇ ਇਹ ਅੰਸ਼ ਸਮਤਾ ਦੇ ਪਾਠਕਾਂ ਅਗੇ ਪੇਸ਼ ਕਰਨ ਵੇਲੇ ਕੁਝ ਗੱਲਾਂ ਆਪਣੇ ਵਲੋਂ ਵੀ ਕਰਨੀਆਂ ਜ਼ਰੂਰੀ ਹਨ। ਦਸ ਬਾਰ੍ਹਾਂ ਸਾਲ ਪਹਿਲੇ ਖੁਸ਼ਵੰਤ ਸਿੰਘ ਜਦੋਂ ਭਾਰਤ ਦੀ ਪ੍ਰਸਿਧ ਹਫਤੇਵਾਰੀ ਅਖਬਾਰ 'ਇਲੱਸਟਰੇਟਿਡ ਵੀਕਲੀ ਦੇ ਐਡੀਟਰ ਸਨ ਤਾਂ ਉਸ ਅਖਬਾਰ ਵਿਚ ਵੱਡੀਆਂ ਤੇ ਪ੍ਰਭਾਵਸ਼ਾਲੀ ਤਸਵੀਰਾਂ ਦੇ ਨਾਲ ਨਾਲ ਸਿਖਾਂ ਦੀ ਜੀਵਨ ਜਾਚ ਬਾਰੇ ਬੜੇ ਫੀਚਰ ਨਿਕਲਦੇ ਸਨ। ਸਿਖਾਂ ਦਾ ਭਾਰਤੀ ਫੌਜ ਵਿਚ ਯੋਗਦਾਨ, ਸਿਖਾਂ ਦਾ ਭਾਰਤੀ ਹਾਕੀ ਵਿਚ ਯੋਗਦਾਨ, ਹਰੇ ਇਨਕਲਾਬ ਵਿਚ ਸਿਖਾਂ ਦੀ ਦੇਣ ਆਦਿਕ। ਇਹਨਾਂ ਫੀਚਰਾਂ ਵਿਚ ਇਹ ਸੁਰ ਪ੍ਰਧਾਨ ਹੁੰਦੀ ਸੀ ਕਿ ਸਿਖ ਭਾਰਤ ਵਿਚ ਇਕ ਵਿਸ਼ੇਸ਼ ਕਮਿਊਨਿਟੀ ਹਨ, ਬਾਕੀਆਂ ਨਾਲੋਂ ਅਦਭੁੱਤ ਹਨ। ਇਹ ਖਾਮਖਾਹ ਸਿਖ ਸ਼ਾਵਨਵਾਦ ਨੂੰ ਪੱਠੇ ਪਾਉਣ ਦਾ ਯਤਨ ਸੀ। ਇਥੋਂ ਤਕ ਕਿ ਬਹੁਤ ਸਾਰੀਆਂ ਮੂਰਖਤਾਈਆਂ ਨੂੰ ਵੀ ਸਿਖਾਂ ਦੇ ਖੁਲ੍ਹੇ, ਸੁਭਾਅ ਦਾ ਅੰਗ ਆਖਕੇ ਵਡਿਆਇਆ ਗਿਆ ਸੀ। ਸ਼ਰਾਬ ਪੀ ਕੇ ਬੱਕਰੇ ਬੁਲਾਣਾ, ਡਾਂਗਾਂ ਚੁਕਣੀਆਂ, ਇਕ ਦੂਜੇ ਦਾ ਸਿਰ ਪਾੜਨਾ, ਸੁਖੇ ਪੀ ਕੇ ਭੂਤਰ ਜਾਣਾ, ਸਭ ਨੂੰ ਮਹਾਨ ਸਿਖ ਕਲਚਰ ਦਾ ਭਾਗ ਦਸਿਆ ਗਿਆ। ਖੁਸ਼ਵੰਤ ਸਿੰਘ ਉਹਨਾਂ ਦਿਨਾਂ ਵਿਚ ਸਿਖ ਬੁਧੀਜੀਵੀ ਦੇ ਹੀਰੋ ਸਨ, ਜਿਹੜੇ ਸਿੱਖੀ ਦੀ ਪਹਿਚਾਣ ਅੰਗਰੇਜ਼ੀ ਪੜ੍ਹਦੇ ਲੋਕਾਂ ਨਾਲ ਕਰਵਾ ਰਹੇ ਸਨ। ਅਜ ਦੱਸ ਸਾਲ ਤੋਂ ਬਾਅਦ ਖੁਸ਼ਵੰਤ ਸਿੰਘ ਦੇ ਇਸ ਮੁਲਾਕਾਤ ਵਿਚ ਦੱਸੇ ਵਿਚਾਰਾਂ ਨੇ ਕੁਝ ਹੈਰਾਨ ਕੀਤਾ, ਪਰ ਖੁਸ਼ੀ ਵੀ ਹੋਈ ਕਿ ਉਹਨਾਂ ਨੂੰ ਵੀ ਇਹ ਅਹਿਸਾਸ ਹੋ ਗਿਆ ਹੈ ਕਿ ਧਰਮ ਇਕ ਵਿਅਕਤੀ ਦਾ ਨਿਜੀ ਮਾਮਲਾ ਹੀ ਰਹਿਣਾ ਚਾਹੀਦਾ ਹੈ, ਇਸਦੀ ਸਮਾਜਕ ਮਾਮਲਿਆਂ ਵਿਚ ਦਖਲ-ਅੰਦਾਜ਼ੀ ਸਮਾਜ ਲਈ ਹਾਨੀਕਾਰਕ ਹੈ।

—ਗੁਰਸ਼ਰਨ ਸਿੰਘ

ਆਰ ਠੁਕਰਾਲ : ਅੱਜ ਕੱਲ੍ਹ ਜੀਵਨ ਵਿਚ ਬੜੀ ਮਾਯੂਸੀ ਆ ਗਈ ਹੈ। ਵੇਖੋ ਅਸੀਂ ਕੀ ਕਰ ਰਹੇ ਹਾਂ—ਇਹ ਆਤੰਕਵਾਦ, ਸੰਪਰਦਾਇਕ ਦੰਗੇ, ਧਾਰਮਕ ਕੱਟੜਤਾ ਦੀ ਲਹਿਰ। ਕੀ ਨਹੀਂ। ਕੀ ਇਹ ਬੇਹੂਦਗੀ ਨਹੀਂ ਜਿਸ ਵਿਚ ਅਸੀਂ ਰਹਿ ਰਹੇ ਹਾਂ! ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?

ਇਹ ਸਾਡੇ ਆਲੇ ਦੁਆਲੇ ਫੈਲੀ ਗੜਬੜ ਨੇ ਹੁਣ ਭਿਆਨਕ ਰੂਪ ਧਾਰਨ ਕਰ ਲਿਆ ਹੈ। ਆਪਸ ਵਿਚਕਾਰ ਕਲਾ-ਕਲੇਸ਼, ਸੰਪਰਦਾਇਕ ਬਖੇੜੇ ਅਤੇ ਪਖੰਡ ਵਧੇਰੇ ਪ੍ਰਬਲ ਹੋ ਗਏ ਹਨ। ਤੁਸੀਂ ਇਸ ਸਥਿਤੀ ਬਾਰੇ ਕੁਝ ਕਹਿਣਾ ਚਾਹੋਗੇ?

ਖੁਸ਼ਵੰਤ ਸਿੰਘ : ਮੰਨਦਾ ਹਾਂ ਕਿ ਅੱਜ 'ਭਾਰਤ ਵਿਚ ਜੀਵਨ ਘ੍ਰਿਣਾਯੋਗ, ਬੇਰਹਿਮ ਅਤੇ ਆਮ ਤੌਰ ਤੇ ਛੋਟਾ ਜਿਹਾ ਹੋ ਗਿਆ ਹੈ। ਨਾਲ ਦੀ ਨਾਲ, ਮੈਨੂੰ ਪੂਰਨ ਵਿਸ਼ਵਾਸ ਹੈ ਕਿ ਇਹ ਇਸ ਤਰ੍ਹਾਂ ਨਹੀਂ ਚਲੇਗਾ। ਸਭ ਬੀਮਾਰੀਆਂ ਦੀ ਜੜ੍ਹ—ਆਤੰਕਵਾਦ, ਸੰਪਰਦਾਇਕ ਦੰਗੇ-ਫ਼ਸਾਦ ਅਤੇ ਧਾਰਮਕ ਕੱਟੜਤਾ ਦੀ ਝਲਕ—ਵਧ ਰਹੀ ਵਸੋਂ ਕਾਰਨ ਹਨ। ਅਸੀਂ ਬਹੁਤ ਸਾਰੇ ਲੋਕ ਭੀੜੀ ਥਾਂ ਤੇ ਰਹਿ ਰਹੇ ਹਾਂ ਜਿਥੇ ਸਾਡੇ ਕੋਲ ਰੋਟੀ ਕਮਾਉਣ ਦਾ ਕੋਈ ਸਾਧਨ ਨਹੀਂ, ਇਹ ਸਾਡਾ ਅਨਿਸਚਤ ਭਵਿਸ਼, ਸਾਡੀ ਨੌਜਵਾਨ ਪੀੜ੍ਹੀ ਵਿਚ ਘਬਰਾਹਟ ਪੈਦਾ ਕਰਕੇ, ਉਹਨਾਂ ਦਾ ਮੂੰਹ ਵਿਨਾਸ਼ਵਾਦ

ਅਤੇ ਧਾਰਮਕ ਕੱਟੜਤਾ ਵੱਲ ਮੋੜ ਦਿੰਦਾ ਹੈ।

ਆਰ. ਠੁਕਰਾਲ : ਜਿਵੇਂ ਕਿ ਲਗਦਾ ਹੈ ਧਰਮ ਦਾ ਹੁਣ ਕੋਈ ਲਾਭ ਨਹੀਂ ਰਿਹਾ। ਇਹ ਤਾਂ ਸ਼ੋਸ਼ਣ ਦਾ ਸਾਧਨ ਬਣ ਕੇ ਰਹਿ ਗਿਆ ਹੈ–ਨਾ ਕਿ ਜੀਵਨ ਵਿਚ ਏਕਤਾ ਲਿਆਉਣ ਦੀ ਸ਼ਕਤੀ ਰੱਖਦਾ ਹੈ। ਇਸ ਸਥਿਤੀ ਬਾਰੇ ਤੁਹਾਡਾ ਕੀ ਵਿਚਾਰ ਹੈ ?

ਖ਼ੁਸ਼ਵੰਤ ਸਿੰਘ : ਸੰਸਾਰਕ ਧਰਮ ਸੱਚਮੁੱਚ ਹੀ ਆਪਣੇ ਲਾਭ ਗੁਆ ਬੈਠਾ ਹੈ। ਇਹ ਕੇਵਲ ਲੋਕਾਂ ਲਈ ਅਫੀਮ ਹੀ ਨਹੀਂ ਸਗੋਂ ਸ਼ਰਾਰਤੀ ਅਧਿਆਤਮਿਕ ਸ਼ਰਾਬ ਹੈ, ਜਿਹੜਾ ਆਪਣੇ ਪੈਰੋਕਾਰਾਂ ਨੂੰ ਦੂਜੇ ਧਰਮਾਂ ਦੇ ਲੋਕਾਂ ਵਿਰੁਧ ਲੜਨ ਨੂੰ ਪਰੇਰਦਾ ਹੈ। ਸਾਨੂੰ ਨਵਾਂ ਧਰਮ ਸਿਰਜਣਾ ਚਾਹੀਦਾ ਹੈ, ਜਿਹੜਾ ਕੰਮ ਕਾਜ ਦੇ ਨੈਤਿਕ ਨਿਯਮਾਂ ਤੇ ਆਧਾਰਤ ਹੋਵੇ ਅਤੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰੇ। ਸਾਡੇ ਦੋ ਸਿਧਾਂਤ ਹੋਣੇ ਚਾਹੀਦੇ ਹਨ– ਕੰਮ ਹੀ ਪੂਜਾ ਹੈ, ਪਰ ਪੂਜਾ ਕੰਮ ਨਹੀਂ ਅਤੇ ਆਪਣੇ ਸਾਥੀ ਮਨੁੱਖਾਂ ਦੀਆਂ ਭਾਵਨਾਵਾਂ ਨੂੰ ਜਰਬ ਨਾ ਪਹੁੰਚਾਣੀ।

ਆਰ. ਠੁਕਰਾਲ : ਹੋਰ ਅਮਲ ਵਿਚ ਧਰਮ, ਮਾਨਵਤਾ ਨੂੰ ਦੋ ਫਾੜ ਕਰਦਾ ਹੈ–ਫਿਰਕੇ ਦੇ ਪਿੰਜਰਿਆਂ ਵਿਚ, ਜਿਥੇ ਅਸੀਂ ਆਪਣੇ ਅਭਿਮਾਨ ਅਤੇ ਪੱਖਪਾਤ ਨੂੰ ਪਾਲਦੇ ਪੋਸਦੇ ਹਾਂ। ਅਸੀਂ ਆਪਣੀ ਹਸਤੀ ਦਾ ਦਬ-ਦਬਾ ਪਾਉਣ ਲਈ ਹੀ ਜੀਊਂਦੇ ਹਾਂ।

ਕੀ ਜੀਵਨ ਪਰਵਾਹ ਇਸ ਢੰਗ ਨਾਲ ਚਲਦਾ ਰਹੇਗਾ ?

ਮੈਂ ਸਮਝਦਾ ਹਾਂ ਕਿ ਤੁਹਾਨੂੰ ਇਹ ਰੁਕਾਵਟਾ ਪਸੰਦ ਨਹੀਂ, ਜਿਹੜੀਆਂ ਮਾਨਵਤਾ ਨੂੰ ਪਾੜਦੀਆਂ ਹਨ ਅਤੇ ਇਸ ਫਿਰਕੇ ਦੇ ਪਿੰਜਰੇ ਵਿਚ ਰਹਿਣ ਨੂੰ ਉਤਸ਼ਾਹਤ ਕਰਦੀਆਂ ਹਨ। ਤੁਸੀਂ ਕੀ ਸਮਝਦੇ ਹੋ ਕਿ ਅਸੀਂ ਕੀ ਕਰੀਏ ਜਿਹਦੇ ਨਾਲ ਇਹ ਰੁਕਾਵਟਾਂ ਦੂਰ ਹੋ ਜਾਣ ਅਤੇ ਅਸੀਂ ਮਨੁੱਖਾਂ ਵਾਂਗ ਰਹੀਏ।

ਖ਼ੁਸ਼ਵੰਤ ਸਿੰਘ : ਸਾਨੂੰ ਆਪਣੇ ਆਪ ਨੂੰ ਫਿਰਕੇ ਦੇ ਪਿੰਜਰੇ ਵਿਚ ਬੰਦ ਨਹੀਂ ਕਰਨਾ ਚਾਹੀਦਾ, ਪਰ ਕਿਸੇ ਵਿਸ਼ੇਸ਼ ਫਿਰਕੇ ਦੇ ਹੋਣ ਦਾ ਸਾਨੂੰ ਮਾਣ ਹੋਣਾ ਚਾਹੀਦਾ ਹੈ। ਮੈਂ ਰੱਬ ਨੂੰ ਨਹੀਂ ਮੰਨਦਾ ਪਰ ਫਿਰ ਵੀ ਮੈਂ ਆਪਣੇ ਭਾਵੁਕ ਭਲੇ ਲਈ ਸਿੱਖ ਕਹਿਲਾਉਣਾ ਚਾਹੁੰਦਾ ਹਾਂ ?

ਆਰ. ਠੁਕਰਾਲ : ਜਿਵੇਂ ਕਿ ਅਸੀਂ ਵੇਖਦੇ ਹਾਂ ਇਕੋ ਰਾਹ ਹੈ–ਕਿ ਅਸੀਂ ਪ੍ਰੀਵਰਤਨਵਾਦ ਨੂੰ ਅਪਣਾਈਏ। ਇਹਨਾਂ ਗਰੰਥਾਂ ਦੇ ਜਾਦੂ ਨੂੰ ਪਰ੍ਹਾਂ ਸੁੱਟੀਏ ਅਤੇ ਤਰਕਵਾਦ ਅਤੇ ਮਾਨਵਵਾਦ ਲਿਆਉਣ ਲਈ ਯਤਨ ਕਰੀਏ। ਤੁਹਾਡੇ ਵਿਚਾਰ ?

ਖ਼ੁਸ਼ਵੰਤ ਸਿੰਘ : ਮੈਨੂੰ ਧਾਰਮਕ ਗਰੰਥਾਂ ਲਈ ਕੋਈ ਬਹੁਤਾ ਸਤਿਕਾਰ ਨਹੀਂ, ਬਹੁਤ ਸਾਰੇ ਮੇਰਾ ਮਨ ਉਚਾਟ ਕਰਦੇ ਹਨ, ਇਹਨਾਂ ਵਿਚ ਦੂਹਰਾ ਹੈ ਅਤੇ ਇਹਨਾਂ ਨੂੰ ਸਾਹਿਤ ਦੀਆਂ ਮਹਾਨ ਰਚਨਾਵਾਂ ਕਹਿ ਕੇ ਵਡਿਆਇਆ ਗਿਆ ਹੈ। ਮੈਨੂੰ ਸ਼ੇਕਸਪੀਅਰ ਪੜ੍ਹਨ ਵਿਚ ਵਧੇਰੇ ਨੈਤਿਕ ਉਪਦੇਸ਼ ਮਿਲਦਾ ਹੈ–ਉਸ ਤੋਂ ਵੱਧ ਜਿਹੜਾ ਸਾਰੇ ਗਰੰਥਾਂ ਨੂੰ ਇਕੱਠਾ ਕਰਕੇ ਵੀ ਗ੍ਰਹਿਣ ਨਹੀਂ ਕਰ ਸਕਦਾ।

ਆਰ. ਠੁਕਰਾਲ : ਤੁਸੀਂ ਸਮਾਚਾਰ ਪੱਤਰਾਂ ਦੇ ਕਾਰਜ ਬਾਰੇ ਕੀ ਸੋਚਦੇ ਹੋ ? ਇਵੇਂ ਜਾਪਦਾ ਹੈ ਕਿ ਸਮਾਚਾਰ ਪੱਤਰ ਇਹਨਾਂ ਮਹੱਤਵਪੂਰਣ ਮਾਮਲਿਆਂ ਬਾਰੇ ਕੋਈ ਦਿਲਚਸਪੀ ਨਹੀਂ ਲੈ ਰਹੇ। ਉਹਨਾਂ ਦੇ ਰਾਹਾਂ ਵਿਚ ਕਿਹੜੀਆਂ ਰੁਕਾਵਟਾਂ ਹਨ, ਜਿਨ੍ਹਾਂ ਕਾਰਨ ਉਹ ਆਪਣੀ ਸ਼ਕਤੀ ਵਰਤ ਕੇ ਸਰਵਜਨਕ ਜੀਵਨ ਵਿਚ ਸਵੱਛਤਾ ਨਹੀਂ ਲਿਆ ਸਕਦੇ ?

ਖ਼ੁਸ਼ਵੰਤ ਸਿੰਘ : ਸਾਡੇ ਸਮਾਚਾਰ ਪੱਤਰ ਇਕੋ ਦਿਸ਼ਾ ਵੱਲ ਵੇਖਦੇ ਹਨ। ਉਹਨਾਂ ਦਾ ਰਾਜਨੀਤਕ ਭੇਦ-ਭਾਵਾਂ ਨਾਲ ਮੋਹ ਹੈ। ਇਹਦਾ ਕਾਰਨ ਇਹ ਹੈ ਕਿ ਸਭ ਰਸ਼ਟਰੀ ਦੈਨਿਕ ਸਮਾਚਾਰ ਪੱਤਰਾਂ ਅਤੇ ਰਸਾਲਿਆਂ ਦੇ ਸੰਪਾਦਕ ਰਾਜਨੀਤਕ ਲੇਖਾਂ ਤੋਂ ਬਿਨਾਂ ਹੋਰ ਕੁਝ ਬਹੁਤ ਘੱਟ ਪੜ੍ਹਦੇ ਹਨ।

ਇਹੋ ਕਾਰਨ ਹੈ ਕਿ ਉਹਨਾਂ ਕੋਲੋਂ ਸਾਰੇ ਡਰਦੇ ਹਨ, ਜਿੰਨਾ ਚਿਰ ਉਹ ਸੰਪਾਦਕੀ ਕੁਰਸੀਆਂ ਤੇ ਬੈਠੇ ਰਹਿੰਦੇ ਹਨ, ਪਰ ਜਦੋਂ ਉਹ ਸੇਵਾ ਮੁਕਤ ਹੋ ਜਾਂਦੇ ਹਨ ਤਾਂ ਉਹਨਾਂ ਦੀ ਕੋਈ ਕਦਰ ਨਹੀਂ ਕਰਦਾ ਅਤੇ ਉਹ ਗੁੰਮਨਾਮੀ ਦਾ ਜੀਵਨ ਬਤੀਤ ਕਰਦੇ ਹਨ।

ਆਰ. ਠੁਕਰਾਲ : ਜਿਵੇਂ ਕਿ ਚਲ ਰਿਹਾ ਹੈ, ਤੁਹਾਡਾ ਸਰਕਾਰੀ ਨਿਯੰਤਰਣ ਹੇਠ ਸੰਚਾਰ ਮਾਧਿਅਮਾਂ, ਬਾਰੇ ਕੀ ਵਿਚਾਰ ਹੈ ?

ਕੀ ਉਹ ਵਿਗਿਆਨਕ ਰੁਚੀਆਂ ਪ੍ਰਫੁਲਤ ਕਰਨ ਲਈ ਸਹਾਇਤਾ ਕਰਦੇ ਹਨ, ਜਿਹੜਾ ਕਾਰਜ ਸੰਵਿਧਾਨ ਵਿਚ ਉਹਨਾਂ ਜ਼ਿੰਮੇ ਜ਼ਰੂਰੀ ਲਗਾਇਆ ਗਿਆ ਹੈ ?

ਖ਼ੁਸ਼ਵੰਤ ਸਿੰਘ : ਸਰਕਾਰੀ ਸੰਸਾਰ ਮਾਧਿਅਮਾਂ ਦਾ ਰਾਸ਼ਟਰੀ ਸਮੱਸਿਆਵਾਂ ਹੱਲ ਕਰਨ ਵਿਚ ਸਹਾਇਤਾ ਲਈ ਇੰਨਾਂ ਕੁ ਭਾਗ ਹੈ ਕਿ ਕਾਰਯਕ੍ਰਮਾਂ ਦੇ ਵਿਚ ਵਿਚਕਾਰ ਕੁਝ ਚੁਸਤ ਵਾਕਾਂ ਦੀ ਵਰਤੋਂ ਕਰਦੇ ਰਹਿੰਦੇ ਹਨ। ਰੇਡੀਓ ਤੇ ਦੂਰ-ਦਰਸ਼ਨ ਆਪਣਾ ਬਹੁਤਾ ਸਮਾਂ ਕੀਰਤਨ, ਕਵਾਲੀਆਂ ਅਤੇ ਭਜਨ ਪਰਸਾਰਤ ਕਰਨ ਵਿਚ ਗਵਾ ਦਿੰਦੇ ਹਨ। ਉਹ ਬੜਾ ਘਟ ਸਮਾਂ ਵਿਗਿਆਨਕ ਵਿਸ਼ਿਆਂ ਲਈ ਰੱਖਦੇ ਹਨ। ਸਰਕਾਰ ਨੂੰ ਆਪਣੇ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਰੇਡੀਓ ਤੇ ਦੂਰਦਰਸ਼ਨ ਉਤੇ ਹਰ ਰੋਜ਼ ਵਾਹੀਕਾਰਾਂ ਲਈ,

ਕਾਰਯਕ੍ਰਮ ਪਰਸਾਰਤ ਕੀਤੇ ਜਾਂਦੇ ਹਨ। ਉਹਨਾਂ ਨੂੰ ਦਸਿਆ ਜਾਂਦਾ ਹੈ ਕਿ ਕੀ ਬੀਜਣਾ ਚਾਹੀਦਾ ਹੈ। ਬੀਜ ਕਿੰਨਾ ਤੇ ਕਦੋਂ ਪਾਉਣਾ ਚਾਹੀਦਾ ਹੈ। ਖਾਦ ਅਤੇ ਕੀੜੇ ਮਾਰ ਦੁਆਈਆਂ ਦੀ ਮਾਤਰਾ ਕੀ ਹੋਣੀ ਚਾਹੀਦੀ ਹੈ। ਇਹਦੇ ਨਾਲ ਬਹੁਤ ਲਾਭ ਹੋਇਆ ਹੈ ਅਤੇ ਖੇਤੀਬਾੜੀ ਦੇ ਆਧੁਨਿਕ ਢੰਗ ਅਪਣਾਏ ਜਾ ਰਹੇ ਹਨ। ਪਰ ਨਾਲ ਦੀ ਨਾਲ ਧਾਰਮਕ ਕਾਰਯਕ੍ਰਮਾਂ ਨੂੰ ਬਹੁਤਾ ਵਕਤ ਦੇਣ ਨਾਲ ਧਾਰਮਕ ਕੱਟੜਤਾ ਦਾ ਜਨਮ ਹੋਇਆ ਹੈ।

ਆਰ. ਠੁਕਰਾਲ : ਫ਼ਰਜ਼ ਕਰ ਲਈਏ ਕਿ ਤੁਹਾਨੂੰ ਰੇਡੀਓ ਅਤੇ ਦੂਰਦਰਸ਼ਨ ਤੋਂ ਕਾਰਯਕ੍ਰਮ ਪ੍ਰਸਾਰਤ ਕਰਨ ਲਈ ਨਿਰਦੇਸ਼ਕ ਬਣਾ ਦੇਈਏ। ਤੁਸੀਂ ਇਹਨਾਂ ਕਾਰਯਕ੍ਰਮਾਂ ਵਿਚ ਸੁਧਾਰ ਲਿਆਉਣ ਲਈ ਕੀ ਯਤਨ ਕਰੋਗੇ।

ਖ਼ੁਸ਼ਵੰਤ ਸਿੰਘ : ਮੈਂ ਸਾਰੇ ਧਾਰਮਕ ਪ੍ਰੋਗਰਾਮ ਬੰਦ ਕਰ ਦਿਆਂਗਾ। ਜਿਹੜੇ ਲੋਕ ਕੀਰਤਨ ਜਾਂ ਭਜਨ ਜਾਂ ਆਇਤਾਂ ਸੁਣਨਾ ਚਾਹੁੰਦੇ ਹਨ, ਉਹ ਗੁਰਦੁਆਰਿਆਂ, ਮੰਦਰਾਂ ਅਤੇ ਦਰਗਾਹਾਂ ਵਿਚ ਜਾਣ।

ਮੈਂ ਵਾਦ-ਵਿਵਾਦ ਵਾਲੇ ਵਿਅਕਤੀਆਂ ਦਾ ਸਾਹ-ਮਣਾ ਚਿੰਤਕਾਂ ਨਾਲ ਕਰਾਵਾਂਗਾ, ਜਿਹੜੇ ਉਹਨਾਂ ਨਾਲ ਅਸਹਿਮਤ ਹੋਣ ਅਤੇ ਲੋਕਾਂ ਅਗੇ ਉਹਨਾਂ ਨੂੰ ਨੰਗਿਆਂ ਕਰਨ। ਜੇਕਰ ਦੂਰਦਰਸ਼ਨ ਦੀ ਕਿਸੇ ਡੀਬੇਟ ਵਿਚ ਜਰਨੈਲ ਸਿੰਘ ਭਿੰਡਰਾਂਵਾਲਾ ਮੇਰੇ ਨਾਲ ਆਹਮਣੇ ਸਾਹਮਣੇ ਗੱਲਬਾਤ ਕਰਦਾ ਤਾਂ ਮੈਂ ਦਲੀਲਾਂ ਦੇ ਕੇ ਉਸ ਦੀ ਮੌਤ ਤੋਂ ਪਹਿਲਾਂ ਹੀ ਉਹਦਾ ਭਾਂਡਾ ਚੁਰਾਹੇ ਵਿਚ ਭੰਨ ਸੁਟਦਾ। ਅੱਜ ਵੀ ਮੇਰੇ ਅਤੇ ਅਰੁਨ ਸ਼ੋਰੀ ਵਰਗੇ ਲੌਂਗੋਵਾਲ, ਟੋਹੜਾ ਅਤੇ ਬਾਦਲ ਨਾਲ ਆਨੰਦਪੁਰ ਸਾਹਿਬ ਮਤੇ ਉਤੇ ਗੱਲਬਾਤ ਕਰਦੇ ਅਤੇ ਉਹਨਾਂ ਦੇ ਦਾਅਵਿਆਂ ਨੂੰ ਚਿਕਨਾਚੂਰ ਕਰ ਸੁਟਦੇ, ਪਰ ਇਹ ਸਿੱਧ ਹੋ ਜਾਂਦਾ ਕਿ 'ਮਤੇ' ਵਿਚ ਵੱਖਵਾਦ ਦਾ ਕੋਈ ਅੰਸ਼ ਨਹੀਂ, ਬਾਲ ਠੈਕਰੇ ਨੂੰ ਗੋਬਿੰਦ ਤਲਵਾਕਰ ਜਾਂ ਏ. ਜੀ. ਨੂਰਾਨੀ ਵਰਗੇ ਬੰਦਿਆਂ ਨਾਲ ਆਹਮਣੇ-ਸਾਹਮਣੇ ਗੱਲਬਾਤ ਕਰਾਉਣੀ ਚਾਹੀਦੀ ਹੈ ਤਾਂ ਜੋ ਲੋਕੀ ਆਪਣੇ ਆਪ ਵੇਖ ਲੈਂਦੇ ਕਿ ਉਹਦੀ ਸੂਝ ਕਿੰਨੀ ਕੁ ਹੈ।

ਆਰ ਠੁਕਰਾਲ : ਸਾਡੇ ਪ੍ਰਯਤਨਾਂ ਦਾ ਜ਼ੋਰ ਇਸ ਗੱਲ ਤੇ ਲਗਣਾ ਚਾਹੀਦਾ ਹੈ : ਧਰਮ ਨੂੰ ਲਗਾਮ ਦਿਉ ਅਤੇ ਇਸ ਨੂੰ ਘਰਾਂ, ਧਾਰਮਕ ਅਸਥਾਨਾਂ ਵਿਚ ਰੱਖੋ ਸਭ ਧਾਰਮਕ ਜਲੂਸ-ਸਮਾਰੋਹ ਬੰਦ ਕਰ ਦਿੱਤੇ ਜਾਣ।

—ਵਿਦਿਅਕ ਪ੍ਰਣਾਲੀ ਨੂੰ ਇਸ ਸਾਂਚੇ ਵਿਚ ਢਾਲਿਆ ਜਾਏ ਕਿ ਲੋਕਾਂ ਦੇ ਦਿਮਾਗ ਚੰਗੀਆਂ ਗੱਲਾਂ ਸੋਚਣ।

—ਰੇਡੀਓ-ਤੇ ਦੂਰਦਰਸ਼ਨ ਨੂੰ ਤਰਕਵਾਦ ਅਤੇ ਮਾਨਵਵਾਦ ਦਾ ਪਰਚਾਰ ਕਰਨ ਲਈ ਲਗਾਇਆ ਜਾਏ। ਕੋਈ ਟਿੱਪਣੀ ?

ਖ਼ੁਸ਼ਵੰਤ ਸਿੰਘ : ਮੈਂ ਤੁਹਾਡੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਧਰਮ ਨੂੰ ਘਰਾਂ ਅਤੇ ਧਾਰਮਕ ਅਸਥਾਨਾਂ ਵਿਚ ਬੰਦ ਕਰ ਦੇਣਾ ਚਾਹੀਦਾ ਹੈ। ਕਿਸੇ ਸਮੂਹ ਨੂੰ ਭੀੜ ਭੜੱਕੀਆਂ ਸੜਕਾਂ ਤੇ ਜਲੂਸ ਕੱਢਣ ਦੀ ਆਗਿਆ ਨਹੀਂ ਦੇਣੀ ਚਾਹੀਦੀ। ਨਾ ਉਹਨਾਂ ਨੂੰ ਸਾਰਵਜਨਕ ਥਾਵਾਂ ਤੇ ਵੱਡੇ ਵੱਡੇ ਭੰਡਾਰ ਸੰਗਠਤ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ। ਮੈਂ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਧਾਰਮਕ ਪੁਸਤਕਾਂ ਦੀ ਸਕੂਲਾਂ ਕਾਲਜਾਂ ਵਿਚ ਪੜ੍ਹਾਈ ਵੀ ਵਰਜਿਤ ਹੋਣੀ ਚਾਹੀਦੀ ਹੈ। ਜਿਹੜੀਆਂ ਸੰਸਥਾਵਾਂ ਧਾਰਮਕ ਪੜ੍ਹਾਈ ਕਰਾਉਂਦੀਆਂ ਹਨ, ਉਹਨਾਂ ਨੂੰ ਸਰਕਾਰੀ ਸਹਾਇਤਾ ਨਹੀ ਮਿਲਣੀ ਚਾਹੀਦੀ। ਧਰਮ ਸਾਡੇ ਸਮਾਜ ਨੂੰ ਖੇਰੂੰ ਖੇਰੂੰ ਕਰਨ ਅਤੇ ਤਬਾਹ ਕਰਨ ਲਈ ਇਕ ਵੱਡਾ ਸਾਧਣ ਬਣ ਕੇ ਰਹਿ ਗਿਆ ਹੈ।

OO

---

## ਪ੍ਰਦੇਸਾਂ ਵਿਚ ਲਿਖੀ ਗਈ ਪੰਜਾਬੀ ਕਵਿਤਾ o ਗੁਰਸ਼ਰਨ ਸਿੰਘ

ਪਿਛਲੇ ਕੁਝ ਸਾਲਾਂ ਵਿਚ ਪੰਜਾਬ ਦੇ ਲੋਕਾਂ ਨੂੰ ਫਿਰਕੂ ਹਨੇਰੀ ਅਤੇ ਹਕੂਮਤੀ ਜਬਰ ਨੂੰ ਅਪਣੇ ਸੀਨਿਆਂ ਉਤੇ ਸਹਿਣਾ ਪਿਆ ਹੈ। ਅਪਣੀ ਧਰਤੀ ਤੋਂ ਦੂਰ ਬੈਠੇ ਲੋਕਾਂ ਦੀ ਪੰਜਾਬ ਦੀ ਪੀੜ ਨਾਲ ਡੂੰਘੀ ਸਾਂਝ ਹੈ। ਉਹਨਾਂ ਦੀ ਸਾਂਝ ਵਿਚ ਇਕ ਸੁਹਿਰਦਤਾ ਹੈ। ਕੋਈ ਵਿਖਾਵਾ ਨਹੀਂ। ਉਹਨਾਂ ਦਾ ਪੰਜਾਬੀ ਲਈ ਮੋਹ ਹੈ ਹੋਰਵਾ ਹੈ। ਉਹਨਾਂ ਲਈ ਪੰਜਾਬ ਹਿੰਦੂ ਸਿਖਾਂ ਦਾ ਸਾਂਝਾ ਪੰਜਾਬ ਹੈ। ਉਹਨਾਂ ਦੀ ਸਾਂਝ ਪ੍ਰਦੇਸਾਂ ਵਿਚ ਵੱਸਦੇ ਪਾਕਿਸਤਾਨੀ ਪੰਜਾਬੀਆਂ ਰਾਹੀਂ ਪਾਕਿਸਤਾਨ-ਦੇ ਪੰਜਾਬ ਨਾਲ ਵੀ ਪੂਰੀ ਤਰ੍ਹਾਂ ਹੈ। ਸੱਚੀ ਕਵਿਤਾ ਹਮੇਸ਼ਾ ਸੁਹਿਰਦ ਜਜ਼ਬਿਆਂ ਦਾ ਹੀ ਪ੍ਰਗਟਾਵਾ ਹੁੰਦਾ ਹੈ। ਕੈਨੇਡਾ ਅਤੇ ਇੰਗਲੈਂਡ ਦੇ ਅਪਣੇ ਦੌਰਿਆਂ ਦੇ ਦਰਮਿਆਨ ਮੈਨੂੰ ਪ੍ਰਦੇਸਾਂ ਵਿਚ ਵੱਸਦੇ ਅਪਣੇ ਇਹਨਾਂ ਕਵੀ ਦੋਸਤਾਂ ਨਾਲ ਮਿਲਣ ਦਾ ਮੌਕਾ ਮਿਲਿਆ। ਮੈਂ ਉਹਨਾਂ ਨੂੰ ਪੇਸ਼ਕਸ਼ ਕੀਤੀ ਕਿ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅਤੇ ਪਲਸ ਮੰਚ ਪ੍ਰਕਾਸ਼ਨ ਵਰਗੀਆਂ ਸੰਸਥਾਵਾਂ ਉਹਨਾਂ ਦੇ ਕਾਵਿਕ ਜਜ਼ਬਿਆਂ ਨੂੰ ਪੰਜਾਬ ਦੇ ਲੋਕਾਂ ਤਕ ਪੁੱਜਣ ਦਾ ਯਤਨ ਕਰਨਗੀਆਂ। ਇਕ ਪ੍ਰਾਜੈਕਟ ਦੇ ਤੌਰ ਤੇ ਮੈਂ

ਇਸ ਕੰਮ ਦੀ ਜ਼ਿੰਮੇਵਾਰੀ ਲਈ। ਉਹਨਾਂ ਨੇ ਮਾਇਕ ਤੌਰ ਤੇ ਇਸ ਪ੍ਰਾਜੈਕਟ ਵਿਚ ਅਪਣਾ ਹਿੱਸਾ ਪਾਇਆ। ਨਤੀਜੇ ਦੇ ਤੌਰ ਤੇ ਪਿਛਲੇ ਕੁਝ ਚਿਰ ਵਿਚ ਕੁਝ ਚੰਗੀਆਂ ਪ੍ਰਦੇਸੀ ਪੰਜਾਬੀ ਕਵਿਤਾ ਦੀਆਂ ਕਿਤਾਬਾਂ ਛਾਪਣ ਵਿਚ ਸਫਲਤਾ ਹੋਈ। ਇਹ ਕਿਤਾਬਾਂ ਹਨ :—**ਕੁਝ ਵੀ ਨਹੀਂ** ਇਕਬਾਲ ਰਾਮੂਵਾਲੀਆ, **ਬਾਣੀਆ ਸ਼ਹਿਰ**—ਬਲਦੇਵ ਬਾਵਾ, **ਪਾਰ ਦੇ ਸਫਰ** — ਦਰਸ਼ਨ ਬੁਲੰਦਵੀ, **ਤੂਫਾਨ ਦੀਆਂ ਜੜ੍ਹਾਂ ਵਿਚ**—ਸੁਖਿੰਦਰ, **ਕਤਲਗਾਹ**—ਗੁਰਚਰਨ ਰਾਮਪੁਰੀ, **ਆਪਣੇ ਆਪ ਤੋਂ ਦੂਰ** ਚੋਣਵੀਂ ਕਵਿਤਾ, ਸੰਪਾਦਕ ਅਮਰਜੀਤ ਚੰਦਨ, **ਚਾਂਦੀ ਨਗਰ ਤੇ ਪਰਿੰਦਾ** ਜਗਤਾਰ ਢਾਅ, **ਜ਼ਖਮਾਂ ਦੀ ਫਸਲ**—ਸੁਰਿੰਦਰ ਧੰਜਲ, **ਜੰਗਲ ਦੇ ਵਿਰੁੱਧ** ਚੋਣਵੀਂ ਕਵਿਤਾ-ਸੰਪਾਦਕ ਸਾਧੂ ਅਤੇ ਸੁਖਪਾਲ, **ਲੋਕ ਸੱਥ** ਕਾਵਿ ਸੰਗ੍ਰਿਹ, ਸੰਪਾਦਕ ਸੁਖਦੇਵ ਸਿਧੂ, **ਪ੍ਰੇਮ ਖੇਲਨ ਕਾ ਚਾਓ** —ਸਾਥੀ ਲੁਧਿਆਣਵੀ, । (ਪ੍ਰੈਸ ਵਿਚ) ਇਸ ਲੇਖ ਦੇ ਇਸ ਭਾਗ ਵਿਚ ਇਹਨਾਂ ਵਿਚੋਂ ਕੁਝ ਪੁਸਤਕਾਂ ਦੀਆਂ ਕਾਵਿ ਪੰਗਤੀਆਂ ਪੇਸ਼ ਕਰਕੇ ਇਸ ਕਵਿਤਾ ਦੀ ਪਹਿਚਾਣ ਪਾਠਕਾਂ ਨਾਲ ਕਰਵਾਈ ਜਾ ਰਹੀ ਹੈ। ਬਾਕੀਆਂ ਨਾਲ ਪਹਿਚਾਣ ਅਗਲੇ ਭਾਗ ਵਿਚ ਕਰਵਾਈ ਜਾਏਗੀ।

o ਜਲ ਰਹੇ ਪੰਜਾਬ ਦੇ ਨਾਂ ਇਕਬਾਲ ਰਾਮੂ-ਵਾਲੀਆ ਅਪਣੀ ਕਵਿਤਾ **ਪੌਣ ਹੱਥ ਸੁਨਹਾ ਨਹੀਂ** ਵਿਚ ਅਪਣਾ ਸੁਨੇਹਾ ਦੇਂਦਾ ਹੈ।

ਮੁਹੱਬਤ ਦਾ ਸੁਨੇਹਾ
ਪੌਣ ਦੇ ਹੱਥੀਂ ਨਾ ਜਾਵੇਗਾ...

ਹੁਣ ਪੌਣ ਨੇ ਫੁੱਲਾਂ 'ਚੋਂ ਨਹੀਂ
ਆਦਮੀਆਂ ਦੇ ਜੰਗਲ 'ਚੋਂ ਗੁਜ਼ਰਨਾ ਹੈ
ਜਿੱਥੇ ਤਕਰੀਰਾਂ 'ਚ ਸੜ ਰਹੀ ਛਾਂ ਹੈ
ਤੇ ਨੇਜ਼ਿਆਂ 'ਚ ਟੰਗੀ ਪਨਾਹ,
ਦੰਦ-ਕਿਰਚਣੀ ਦਾ ਖ਼ੌਫਨਾਕ ਖੜਾਕਾ
ਤੇ ਮੂੰਹਾਂ 'ਚ ਖੌਲਦੇ ਲਾਵੇ ਦਾ ਸਮੁੰਦਰ।

ਕਰਫਿਊ ਵਲੂੰਧਰੀਆਂ ਗਲੀਆਂ 'ਚ
ਸਿਰਾਂ ਉਤੇ ਹਥਿਆਰਬੰਦ ਸਿੰਙ ਉਗਣ ਦਾ
ਤੇ ਹੱਥਾਂ ਬਾਹਾਂ ਦੇ, ਕੰਡਿਆਲੀਆਂ ਲੱਤਾਂ 'ਚ, ਬਦਲਣ ਦਾ,
ਤੇਜ਼ੀ ਨਾਲ ਵਾਪਰ ਰਿਹਾ, ਸਿਲਸਿਲਾ ਹੈ।

ਕੀਰਤਨ ਤੇ ਕੰਨਾਂ ਵਿਚਾਲੇ
ਕਾਰਤੂਸਾਂ ਦੀ ਛਾਨਣੀ ਦਾ ਵਧ ਰਿਹਾ ਮੋਟਾਪਾ ਹੈ
ਤੇ ਗੀਤਾਂ ਦਾ, ਗੂੰਗਾ ਹੋ ਰਿਹਾ, ਨਿਰੰਤਰ ਸਫ਼ਰ।
ਪੌਣ ਜਿਹੜੀ ਵੀ ਛੱਤ ਉਤੋਂ ਲੰਘੇਗੀ
ਉਥੇ ਦਾਹੜੀਆਂ ਦੀ ਭਖ ਰਹੀ ਘੂਰੀ ਹੋਵੇਗੀ
ਜਾਂ ਤ੍ਰਿਓੜਦੇ ਤਿਲਕਾਂ ਦੀ ਢੇਰੀ।
ਘਰਾਂ 'ਚ ਸਹਿਮੇ ਹੋਣਗੇ
ਲਹੂ 'ਚ ਗੜੂੱਚ ਪਰਛਾਵੇਂ,
ਜਾਂ ਸਾਣ ਉਤੇ ਘਿਸਰ ਰਹੀਆਂ ਤਲਵਾਰਾਂ ਦੀ ਘੁਸਰ ਮੁਸਰ।

ਬੰਦੇ ਤਾਂ ਹੁਣ ਨਿਸ਼ਾਨੇ ਹੀ ਰਹਿ ਗਏ ਨੇ
ਜਾਂ ਅੰਨ੍ਹੇਵਾਹ ਚਲ ਰਹੇ ਹਥਿਆਰਾਂ ਦੇ ਕਲਪੁਰਜ਼ੇ।

ਮੁਹੱਬਤ ਦਾ ਸੁਨੇਹਾ
ਪੌਣ ਦੇ ਹੱਥੀਂ ਨਾ ਜਾਵੇ। **(24 ਜੂਨ 1984)**

o

o ਬਲਦੇਵ ਬਾਵਾ ਦੀ ਕਿਤਾਬ ਬਾਣੀਆ ਸ਼ਹਿਰ ਦੀ ਹਰ ਕਵਿਤਾ ਵਿਚ ਇਕ ਇਨਕਲਾਬੀ ਚੇਤਨਾ ਹੈ। ਅਪਣੀ ਧਰਤੀ ਤੋਂ ਦੂਰ ਬੈਠੇ ਵੀ ਉਹਦਾ ਅਪਣੀ ਧਰਤੀ ਨਾਲ ਸੰਬਧ ਟੁੱਟਿਆ ਨਹੀਂ, ਉਥੋਂ ਆਈ ਹਵਾ ਨੂੰ ਉਹ ਅਪਣੇ ਗਲੇ ਲਗਾਉਂਦਾ ਹੈ **ਪੂਰਬ ਦੀ ਹਵਾ** ਅਤੇ **ਅਟਕ ਗਿਆ ਪਲ** ਕਵਿਤਾਵਾਂ ਇਸਦਾ ਪਰਮਾਣ ਹੈ :

ਪੂਰਬ ਤੋਂ ਆਈ ਹਵਾ ਨੂੰ ਮੈਂ ਗਲੇ ਲਾਉਂਦਾ ਹਾਂ
ਜੋ ਬੁੱਢੀ ਦਾਦੀ ਤਰ੍ਹਾਂ ਹੂੰਗਦੀ ਹੈ
ਨਿੱਕੀ ਭੈਣ ਵਾਂਗ ਉਦਾਸ ਹੈ
ਇਸ ਵਿਚ ਫਿਰ, ਪਿੰਡ ਦੀ ਪੰਚਾਇਤ 'ਚ ਘਿਰੀ
ਕਿਸੇ ਦਾਹੜੀ ਦਾ ਹਉਕਾ ਹੈ
ਠਾਣੇ 'ਚ ਨੰਗੇ ਪਿੰਡਿਆਂ ਤੇ
ਪੈਂਦੀਆਂ ਲਾਸਾਂ ਦਾ ਜ਼ਿਕਰ ਹੈ
ਜਾਂ ਡੰਡੀਏ ਜਾਂਦੀ ਮਾਂ ਦੇ ਪ੍ਰਦੇਸ ਗਏ ਪੁੱਤ ਲਈ ਛਿੜੀ
ਵਗੇ ਹੰਝੂਆਂ ਦੇ ਨਾਲ ਨਾਲ
ਮੋਹ-ਭਿੱਜੀ ਕਹਾਣੀ ਹੈ
ਹਾਂ ਤੇ ਇਹ ਹਵਾ ਬੜੀ ਉਦਾਸ ਹੈ
ਇਸ ਵਿਚ ਬੇਗਾਨੇ ਖੇਤਾਂ ਦੇ
ਬੰਨੇ ਖੋਤਦੀਆਂ ਮੁਟਿਆਰਾਂ ਦੇ ਹੰਝੂਆਂ ਦੀ ਨਮੀ ਹੈ
ਸ਼ਾਹੀ ਤਜੋਰੀਆਂ 'ਚ ਛਣਕਦੇ ਕੰਗਣਾਂ ਦਾ ਕੀਰਨਾ ਹੈ
ਸਰਕਾਰੀ ਫ਼ਾਈਲਾਂ 'ਚ ਫੜਫੜਾਉਂਦੇ
ਛਿੱਥੀਆਂ ਉਮਰਾਂ ਦੇ ਨਿਰਬਲ ਪੰਛੀਆਂ ਦਾ ਦ੍ਰਿਸ਼ ਹੈ
ਜਾਂ ਹਰ ਉਸ ਦਿਨ ਦੇ ਹਾਦਸਿਆਂ ਦਾ ਵੇਰਵਾ ਹੈ
ਦਿਨ ਜਿਹੜਾ ਕਲੰਡਰ ਤੇ ਮਰੇ ਪਏ
ਯੋਧੇ ਦੀ ਛਾਤੀ 'ਚ ਖੁਭੇ ਤੀਰ ਵਰਗਾ,
ਕਿਸੇ ਸੁਦੈਣ ਦੇ ਮੱਥੇ ਉਤਲਾ ਜ਼ਖ਼ਮ ਹੈ
ਧੁੰਦਲੀ ਕਿਸੇ ਨਜ਼ਰ ਲਈ ਉਲਝ ਗਿਆ ਗਲੋਟਾ ਹੈ
ਅੱਜ ਫਿਰ ਇਸ ਹਵਾ ਸੰਗ ਉਹੀ ਪੁਰਾਣੀ ਗੱਲ ਕੀਤੀ ਹੈ
ਕਿ ਜਦ ਕਦੀ ਵਾਪਸ ਪਰਤਾਂਗਾ
ਤਾਂ ਮੇਰੇ ਇਨ੍ਹਾਂ ਕਥਨਾਂ ਨੂੰ
ਕੋਈ ਕਿੰਨਾ ਕੁ ਸੱਚ ਜਾਣੇਗਾ,

ਕਿ ਇੰਗਲੈਂਡ ਉਧਾਰੇ ਸਾਹਾਂ ਨੂੰ ਹਫ਼ਦੇ
ਅਵਾਸੀਆਂ ਲਈ ਗੰਦੀ ਹਵਾ ਦਾ ਖ਼ਲਾਅ ਹੈ
ਆਪਣੇ ਹੀ ਅੰਦਰਲੇ ਬੇਗੈਰਤ ਜਿਹੇ ਦਾ
ਸ਼ਰਮਿੰਦਾ ਜਿਹਾ ਹਾਸਾ ਹੈ
ਜਾਂ ਜਿੱਥੇ ਘੜੀ ਦੀਆਂ ਸੂਈਆਂ
ਮਾਲਕ ਦੀਆਂ ਅੱਖਾਂ ਵਰਗੀਆਂ ਹੁੰਦੀਆਂ ਹਨ
ਜਾਂ ਜਿੱਥੇ ਘਰਾਂ ਤੇ ਮਕਬਰਿਆਂ ਵਿਚ
ਕੋਈ ਫ਼ਰਕ ਨਹੀਂ ਹੁੰਦਾ
ਜਾਂ ਕਿ ਜਿੱਥੋਂ ਦੇ ਹੁਕਮਰਾਨ
ਮੇਰੇ ਦੇਸ਼ ਦੀ ਲੂੰਜੀ ਆਜ਼ਾਦੀ ਤੇ ਥੁੱਕ ਕੇ
ਰਵਾਨਾ ਹੋ ਗਏ ਸਨ
ਡਰ ਲੱਗਦਾ ਹੈ ਕਿ ਮੇਰੇ ਹਾਣੀ ,
ਰੱਤੀ ਵੀ ਵਿਸ਼ਵਾਸ ਨਹੀਂ ਕਰਨਗੇ
ਕਿ ਇੰਗਲੈਂਡ ਪਰ੍ਹੂੰ ਮਰੀ ਦਾਦੀ ਦੇ ਬੁੱਲ੍ਹਾਂ ਉਤਲੀ
ਉਹ ਮਿੱਧੀ ਹੋਈ ਮੁਸਕਣੀ ਹੋਵੇਗੀ
ਜਿਹਦੇ ਨਾਲ ਉਹਦੇ ਚਿਹਰੇ ਦੀਆਂ ਲੀਕਾਂ 'ਚ
ਹੰਝੂ ਅਟਕ ਜਾਂਦੇ ਹੋਣਗੇ
ਕਿ ਇੰਗਲੈਂਡ ਕਿਸੇ ਦੁਲਹਨ ਦੀ ਵੀਣੀ ਤੋਂ,
ਟੁੱਟਿਆ ਹੋਇਆ ਕਲੀਰਾ ਹੈ
ਜਿਹਨੂੰ ਚੁੱਕਣ ਲੱਗਿਆਂ
ਉਹਨੂੰ ਅਧਰੰਗ ਹੋਣ ਲੱਗਦਾ ਹੈ
ਜਾਂ ਹਰ ਉੱਬਲ ਰਹੇ ਬਾਗ਼ੀ ਦੇ ਸੰਘ 'ਚ
ਫਸਿਆ ਹੋਇਆ ਕਸੀਰ ਹੈ
ਹਾਂ ਬਿਨਾਂ ਸ਼ੱਕ ਉਹ ਮੰਨ ਜਾਣਗੇ
ਕਿ ਇੰਗਲੈਂਡ ਵਿਗੜੀਆ ਔਰਤਾਂ ਲਈ
ਸ਼ਾਨਦਾਰ ਦੀਵਾਨਖ਼ਾਨਾ ਹੈ
ਦੇਸੀ ਕੱਟੇ ਤੇ ਕੱਟੀਆਂ ਲਈ
ਲੈਰੇ ਕਾਚਰੇ ਦਾ ਖੇਤ
ਪੱਬਾਂ ਤੇ ਕਲੱਬਾਂ ਦੀ ਬੇਹੋਸ਼ ਧਰਤੀ ਹੈ
ਜਾਂ ਦੁਨੀਆਂ ਦੇ ਨਕਸ਼ੇ ਅੰਦਰ
ਰੰਗੀਨ ਸੁਰਗਾਂ ਦਾ ਜਜ਼ੀਰਾ ਹੈ

ਤੇ ਹੁਣ, ਇਸ ਵਕਤ
ਜਦ ਕਿ ਪਿੰਡ ਦੇ ਪੈਰਾਂ ਵਿਚਲੀ ਖਜੂਰ ਤੋਂ
ਕੂੰਜਾਂ ਦੀਆਂ ਚੁੱਪ ਡਾਰਾਂ ਲੰਘ ਰਹੀਆਂ ਹੋਣਗੀਆਂ
ਮਜੂਰੀ ਕਰਨ ਗਏ ਬਾਪ ਨੂੰ ਦੇਖਣ ਲਈ
ਕੋਈ ਬਾਲ ਘਰੋਂ ਨਿਕਲ ਕੇ
ਵੱਡੇ ਰਾਹ ਤੱਕ ਆ ਗਿਆ ਹੋਏਗਾ
ਸੇਠ ਦੁਧੀਆ ਕਪੜੇ ਪਹਿਨਕੇ ਸੈਰ ਲਈ ਨਿਕਲੇ ਹੋਣਗੇ
ਮੱਛਰੀ ਹੋਈ ਢਾਣੀ ਠੇਕੇ ਤੇ
ਖਿੱਲੀ ਉੜਾਉਂਦੀ ਹੋਏਗੀ
ਰੁੱਖ ਉਦਾਸ ਹੋਣਗੇ
ਸਿਸਕੀਆਂ ਭਰਦਾ ਸੂਰਜ ਜੂਹਾਂ ਛੱਡ ਰਿਹਾ ਹੋਏਗਾ
ਤਾਂ ਅੱਜ ਇਸ ਹਵਾ ਕੋਲ
ਭੋਲੇ ਪਿੰਡ ਲਈ ਇਹੀ ਸੁਨੇਹਾ ਹੈ
ਕਿ ਬੇਸ਼ੱਕ ਤੇਰੇ ਜਿਸਮ ਤੇ
ਕਿਸੇ ਧੁਖ਼ਦੇ ਚੁੱਲ੍ਹੇ ਦੇ ਧੂੰਏਂ ਵਾਂਗ
ਇਸ ਵਿਸ਼ਾਲ ਅਸਮਾਨ ਥੱਲੇ,
ਮੈਂ ਦੂਰ ਚਲਾ ਆਇਆ ਹਾਂ
ਪਰ ਤੇਰੀ ਧਰਤੀ ਦੇ ਹਾਕਮਾਂ ਦਾ ਕੋਹਜ
ਮੈਂ ਨੰਗਾ ਕਰਦਾ ਰਹਾਂਗਾ
ਮੈਂ ਕਿਸੇ ਤਾਜ ਦੀ ਕਹਾਣੀ ਸੁਣਨ ਤੋਂ ਪਹਿਲਾਂ
ਤੇਰੀ ਢਿੱਠੀ ਪੱਗ ਦੀ ਗੱਲ ਕਰਾਂਗਾ
ਮੈਂ ਤੇਰੇ ਬੀਬੇ ਪੁੱਤਾਂ ਦਾ ਵਿਛੜਿਆ ਵੀਰ ਨਹੀਂ ਬਣਾਂਗਾ
ਮੈਂ ਜਿੱਥੇ ਵੀ ਹੋਵਾਂਗਾ,ਹਿੱਸੇ ਆਉਂਦਾ ਲੜਦਾ ਰਹਾਂਗਾ

o

## ਅਟਕ ਗਿਆ ਪਲ

ਅਸੀਂ ਤਾਂ ਕਦੋਂ ਦਾ ਇਹ ਕਹਿੰਦੇ ਹਾਂ
ਕਿ ਹਾਲੀ ਪੌਣਾਂ ਪੈਰੀਂ ਬੇੜੀਆਂ ਹਨ
ਧੁੱਪਾਂ ਤੇ ਛਾਵਾਂ ਵੰਡੀਆਂ ਹੋਈਆਂ ਹਨ
ਹਾਲੇ ਤਕ ਅਸੀਂ ਹਮੇਸ਼ਾਂ ਹਾਰ ਖਾਧੀ ਹੈ
ਕਿਉਂਕਿ ਸਾਡੇ ਵਿਚ ਲੁਕੇ ਹੋਏ ਬਾਣੀਏਂ
ਯੁੱਧ ਦਾ ਰੁਖ਼ ਬਦਲਦੇ ਹਨ ।

ਇਥੇ ਆ ਜਾਣ ਤੋਂ ਪਹਿਲਾਂ ਵੀ
ਅਸੀਂ ਇਹ ਕਹਿੰਦੇ ਰਹੇ ਹਾਂ :
ਕਿ ਇਸ ਸ਼ਹਿਰ ਦੇ ਮਹੱਲ ਅਤੇ ਭਵਨ
ਭਾਰਤ ਦੇਸ਼ ਜਿਹਿਆਂ ਮੁਲਕਾਂ ਦੇ
ਹੱਡਾਂ ਨਾਲ ਉਸਰੇ ਹਨ ।
ਤੇ ਹਕੂਮਤ-ਦੇਵੀ ਜਦ ਵੀ
ਰੱਥ ਤੇ ਸਵਾਰ ਹੁੰਦੀ ਹੈ
ਤਾਂ ਭਗਤ-ਜਨ ਬੜੇ ਹੀ ਚਾਵਾਂ ਨਾਲ ਸੜਕਾਂ 'ਤੇ
ਸਾਡੇ ਹੀ ਸ਼ਹੀਦਾਂ ਦੀਆਂ ਖੱਲਾਂ ਵਿਛਾਉਂਦੇ ਹਨ ।

ਦੋਸਤੋ
ਇਸ ਤੋਂ ਪਹਿਲਾਂ ਕਿ ਅਸੀਂ
ਸੋਗੀ ਮਹਿਫ਼ਲਾਂ ਦੇ ਬੁੱਤ ਬਣੀਏ
ਆਓ ਨੰਗਾ ਕਰੀਏ ਹਿੰਦ ਦੇ ਬੇਰੂਹ ਸਿੰਘਾਸਨ 'ਚ
ਸਮਾਈ ਹੋਈ ਉਸ ਹੱਥ ਦੀ ਕਰਾਮਾਤ ਨੂੰ
ਜਿਸ ਛੱਤੀ ਸਾਲ ਪਹਿਲਾਂ ਇਹਨੂੰ ਅਸ਼ੀਰਵਾਦ ਦਿੱਤਾ ਸੀ

ਤੇ ਜੋ ਵਾਰ ਵਾਰ ਵਧ ਆਉਂਦਾ ਹੈ
ਸਾਡੇ ਬਹੁ-ਰੰਗੇ ਫੁੱਲ ਨੂੰ ਵਲ੍ਹੇਧਰ ਦੇਣ ਲਈ।

ਲੱਗਦਾ ਤਾਂ ਬੜਾ ਅਜੀਬ ਹੈ
ਇਥੇ ਬੈਠ ਕੇ ਇਹੋ ਜਿਹੀਆਂ ਗੱਲਾਂ ਕਰਨਾ
ਜਿਥੇ ਜ਼ਿੰਦਗੀ ਦੇ ਹਰ ਪਹਿਲੂ ਦੀ ਬਹਿਸ
ਖ਼ਤਮ ਹੁੰਦੀ ਹੈ ਆਪਣੀ ਗੁਆਚ ਰਹੀ ਸ਼ਨਾਖ਼ਤ ਤੇ
ਜਾਂ ਘਰਾਂ ਦੀਆਂ ਕਿਸ਼ਤਾਂ ਅਤੇ ਬੱਚਿਆਂ ਦੀ ਐਜੂਕੇਸ਼ਨ ਤੇ
ਜਾਂ ਬੈਂਕ ਬੁੱਕਾਂ ਅਤੇ ਮੋਮੀ ਕੁੜੀਆਂ ਤੇ
ਪਰ ਦੋਸਤੋ, ਮੈਂ ਜਦ ਵੀ ਖਿਆਲਾਂ 'ਚ
ਦੇਸ਼ ਵਾਪਸ ਪਰਤਿਆਂ ਹਾਂ
ਤਾਂ ਪਿੰਡ ਦੇ ਦਰਵਾਜ਼ੇ ਸਮਗਲਰ ਦੇ ਬਟੂਏ ਵਾਂਗ
ਆਫਰੇ ਹੋਏ ਪੰਚ ਨੇ
ਮੈਨੂੰ ਖਚਰੀ ਮੁਸਕਣੀ ਨਾਲ ਤੱਕਿਆ
ਲੰਬੜ ਦੀ ਕਾਂ-ਅੱਖ ਨੇ ਟਿੱਚਰ ਕੀਤੀ ਹੈ
ਤਦ ਪਰ੍ਹੇ ਮਰੀ ਦਾਦੀ ਦੇ ਧੌਲੇ
ਜੋ ਮੇਰੇ ਅੰਦਰ ਕਪਾਹੀ-ਬੱਦਲਾਂ ਵਾਂਗ ਉਡਨ ਲੱਗਦੇ ਹਨ
ਛਿੱਕੂ 'ਚ ਪਈ ਆਖ਼ਰੀ ਪੂਣੀ ਵਾਂਗ ਵਲ੍ਹੇਟੇ ਦਿਸਦੇ ਹਨ।

ਤਦ ਮੈਂ ਪਿੰਡ ਦੇ ਕੱਲੇ ਕੱਲੇ ਜੁਆਕ ਨੂੰ
ਇਹ ਦੱਸਣਾ ਚਾਹਿਆ ਹੈ—
ਕਿ ਸਾਨੂੰ ਰਾਜ ਘਾਟ ਦੇ ਮੁਰਦੇ ਦੀ ਜਿੱਤ ਤੇ
ਕਾਹਦਾ ਫ਼ਖ਼ਰ ਹੈ
ਤੁਸੀਂ ਪੋਰਸ ਵਰਗੇ ਮਨੁੱਖਾਂ ਦੀ ਹਾਰ ਦਾ ਸਤਿਕਾਰ ਕਰੋ।
ਤੇ ਅੱਜ ਜਦੋਂ ਕਿ
ਸਮਾਂ ਸਾਡੇ ਲਈ ਹਮੇਸ਼ਾਂ ਪਹਿਲੇ ਵਰਗਾ ਹੀ
ਜਿਵੇਂ ਸ਼ਾਹਾਂ ਦੇ ਪੁੱਤ ਮਸ਼ਕੂਲਾਂ ਕਰਨ ਲਈ
ਦਿਹਾੜੀ ਮੰਗਣ ਗਏ ਕੰਮੀ ਦੀ
ਮੂਤ ਨਾਲ ਮੁੱਛ ਵੱਢ ਦੇਣ
ਕਿਸੇ ਗਰੀਬਣੀ ਨੂੰ ਅੱਖ ਦੇ ਦਾਬੇ ਨਾਲ
ਕੋਈ ਬਾਤ ਸਮਝਾ ਦਏ
ਤਾਂ ਆਓ ਕਬੂਲ ਕਰੀਏ
ਕਿ ਸਾਡੇ ਅੰਦਰ ਲੁਕੇ ਹੋਏ ਮੱਕਾਰ ਬੰਦੇ
ਸਾਨੂੰ ਪ੍ਰਗਤੀਵਾਦ ਦੀ ਪ੍ਰਤੀਸ਼ਤ ਦੇ ਸੁਆਲ ਦਿੰਦੇ ਰਹੇ ਹਨ
ਕਿਉਂਕਿ ਇਸ ਤਰਾਂ ਸੌਖਾ ਹੁੰਦਾ ਰਿਹਾ ਹੈ
ਵਲ੍ਹੇਧਰ ਜਾਂਦੀਆਂ ਫੁੱਲ-ਪੱਤੀਆਂ ਦਾ ਰੌਲਾ ਪਾ ਕੇ
ਜੜ੍ਹਾਂ ਨੂੰ ਪਾਏ ਹੋਏ ਪਾਰੇ ਦੀ ਗੱਲ ਲਕੋ ਦੇਣਾ

ਤੇ ਜਦ ਸਾਡੇ ਵਿਚੋਂ ਹੀ ਨਿਕਲ ਆਉਂਦੇ ਹਨ
ਸਮਿਆਂ ਦੀ ਸਿਆਸਤ ਲਈ
ਸਾਹਿਤ-ਬਗੀਚੀ 'ਚ ਵੜੇ ਇੱਛਿਆਧਾਰੀ ਸੱਪ
(ਜਿਹਨਾਂ ਦੀਆਂ ਸਿਰੀਆਂ ਤੇ
ਹਾਕਮ ਦੀ ਮਿਹਰ ਦੇ ਦੀਵੇ ਜਗਦੇ ਹਨ)
ਦੇਖਣ ਨੂੰ ਭੋਲੇ ਜਿਹੜੇ ਜਾਪਦੇ
ਘੋਨ ਮੋਨ ਸਾਜ਼ਿਸ਼ੀ ਕਝੇਰਨੇ
ਚੋਅ ਦੇ ਬੁਲਬੁਲਿਆਂ ਵਾਂਗ
ਮੁਸ਼ਕ ਮਾਰਦੇ ਲਿਖਾਰੀ
ਤੇ ਸ਼ੁਹਰਤਾ ਲਈ ਹਵਦੇ ਲਾਲਾਂ ਸੁੱਟਦੇ ਹੋਏ
ਸਰਕਾਰੀ ਭਵਨਾਂ ਦੀਆਂ
ਥੜ੍ਹੀਆਂ ਲਬੇੜਦੇ ਸਾਹਿਤਕਾਰ।
ਤੇ ਇਹ ਸਭ ਕੁਝ ਵਾਪਰਦਿਆਂ
ਇਤਿਹਾਸ ਦੇ ਪੰਨੇ ਤੇ
ਜਿਹੜਾ ਅਟਕ ਗਿਆ ਪਲ
ਅੱਗੇ ਤੁਰਨਾ ਲੋਚਦਾ ਹੈ
ਸਾਡੇ ਜਿਹਿਆਂ ਲਈ ਵੰਗਾਰ ਹੈ।
o

o ਪਾਰ ਦੇ ਸਫਰ ਵਿਚ ਦਰਸ਼ਨ ਬੁਲੰਦਵੀ ਅਪਣੀਆਂ ਕਵਿਤਾਵਾਂ ਵਿਚ ਉਹਨਾਂ ਸੁਪਨਿਆਂ ਦੇ ਚਿਕਨਾ ਚੂਰ ਹੋਣ ਦਾ ਜ਼ਿਕਰ ਕਰਦਾ ਹੈ, ਜਦੋਂ ਇਕ ਪਰਵਾਸੀ ਮੁੱਦਤਾਂ ਦੇ ਬਾਅਦ ਘਰ ਪਰਤਦਾ ਹੈ। ਉਹਦਾ ਚਾਅ ਤਾਂ ਸੀ ਇਸਦਾ ਪ੍ਰਗਟਾਵਾ ਹੈ :

ਚਾਅ ਤਾਂ ਸੀ
ਕਿ ਮਾਤ-ਭੂਮੀ ਦੇ ਮੁੱਖ ਗੇਟ 'ਤੇ
ਫ਼ਖ਼ਰ ਨਾਲ ਪੈਰ ਧਰਦਿਆਂ
ਮੈਂ ਤੁੱਛ, ਗਦ ਗਦ ਹੋਇਆ
ਅੰਬਰ ਉੱਚਾ ਉੱਠ ਜਾਵਾਂਗਾ
ਪਰ ਇਥੇ ਤਾਂ ਕਸਟਮ ਦੀ ਢੀਠ ਖੱਡ 'ਚ
ਤੇੜ ਦਾ ਕੱਜ ਵੀ ਲਹਿੰਦਾ ਪਿਆ
ਫ਼ਖ਼ਰ ਦਾ ਸਾਰਾ ਮਹਿਲ
ਰੇਤ ਵਾਂਗ ਢਹਿੰਦਾ ਪਿਆ।

ਚਾਅ ਤਾਂ ਸੀ
ਕਿ ਐਤਕੀਂ ਘਰਾਂ ਦੀਆਂ ਕੱਚੀਆਂ ਦੀਵਾਰਾਂ ਨੂੰ
ਵਲੈਤੀ ਪੌਂਡਾਂ 'ਚੋਂ ਪੱਕੀਆਂ ਦੇ ਹਾਲ ਤੱਕਾਂਗੇ
ਪਰ ਇਥੇ ਤਾਂ ਬਲੈਕ ਦੀ ਚੱਕੀ 'ਚ
ਕੱਚੇ ਕੋਠੇ ਦਾ ਖਿਆਲ ਵੀ ਪਿਸਦਾ ਪਿਆ।

ਚਾਅ ਤਾਂ ਸੀ
ਕਿ ਪਿੰਡ ਦੀਆਂ ਭੁੱਲੀਆਂ ਗਲੀਆਂ 'ਚੋਂ
ਬੀਤੀਆਂ ਯਾਦਾਂ ਦੇ ਸੁਖਾਵੇਂ ਸਾਹ ਆਣਗੇ
ਬੇ-ਪ੍ਰਵਾਹੀਆਂ ਦੇ ਸੂਰਜ ਆਪਣੀ ਧੁੱਪ 'ਚ
ਥੱਕੀ ਠਰੀ ਰੂਹ ਨੂੰ ਕੁਝ ਗਰਮਾਣਗੇ

ਪਰ ਇਥੇ ਤਾਂ ਗਲੀ ਕੂਚਿਆਂ ਦੇ ਵਿਰਲਾਪ 'ਚ
ਬਚਪਨ ਦਾ ਬੂਹਾ ਹੀ ਢੁੱਕਦਾ ਪਿਆ
ਵਰਤਮਾਨ ਦੇ ਫਿਕਰਾਂ ਦਾ ਥੋਹਰ
ਹਥੇਲੀਆਂ ਤੇ ਉੱਗਦਾ ਪਿਆ ।

ਚਾਅ ਤਾਂ ਸੀ
ਕਿ ਚਿਰਾਂ ਬਾਅਦ ਪਰਤੇ ਹਾਂ
ਕਣਕਾਂ ਦੇ ਸੋਨ ਸਿੱਟਿਆਂ ਨੂੰ
ਖੂਬ ਤਰਸੀਆਂ ਨਜ਼ਰਾਂ 'ਚ ਨਚਾਵਾਂਗੇ
ਪਰ ਇਥੇ ਤਾਂ ਕਰਜ਼ ਹੇਠ ਆਈਆਂ ਕਣਕਾਂ ਦਾ
ਕਸੀਰ ਹੀ ਅੱਖਾਂ 'ਚ ਖੁੱਭਦਾ ਪਿਆ ।

ਚਾਅ ਤਾਂ ਸੀ
ਕਿ ਇਥੇ ਹੁਣ ਪਹਿਲਾਂ ਵਰਗਾ ਕੁਝ ਨਹੀਂ ਹੋਵੇਗਾ
ਪਰ ਇਥੇ ਤਾਂ ਉਹੀ ਸਿਆਸਤਦਾਨਾਂ ਦੀ ਮੌਜ
ਲੋਕ-ਭੁਲਾਈ ਲਈ
ਕੱਚੇ ਘੜਿਆਂ ਤੇ ਮੁੰਜ ਕੁੱਟਦੀ ਪਈ ।
ਸਮੁੰਦਰ ਤੈਰਨ ਲਈ
ਕਾਗਜ਼ੀ ਬੇੜਿਆਂ ਦਾ ਆਹਰ ਕਰਦੀ ਪਈ ।
ਦੁਨੀਆਂ ਵਿਚ ਕੱਚੀ ਤੰਦ ਨਾਲ
ਆਪਣੀ ਗੁੱਡੀ ਚੜ੍ਹਾਂਦੀ ਪਈ ।

ਚਾਅ ਤਾਂ ਸੀ
ਕਿ ਹੁਣ ਹਰ ਚੜ੍ਹਦੀ ਸਵੇਰ ਦੀ ਸ਼ਬਨਮ
ਹਰ ਫੁੱਟਦੀ ਕਰੂੰਬਲ ਦਾ ਮੂੰਹ ਧੋਂਹਦੀ ਹੋਵੇਗੀ
ਪਰ ਇਥੇ ਤਾਂ ਜ਼ਹਿਰ ਉੱਗਲਦੀਆਂ ਰਾਤਾਂ ਨੇ
ਇਨ੍ਹਾਂ ਕਰੂੰਬਲਾਂ ਦੇ ਮੂਲ ਨੂੰ ਹੀ ਡੰਗਿਆ ਪਿਆ
ਤੇ ਹੋਣਹਾਰ ਸੁਪਨਿਆਂ ਦਾ ਰੂਪ
ਲਹੂ ਵਿਚ ਰੰਗਿਆ ਪਿਆ ।
o

o ਸੁਖਿੰਦਰ ਆਪਣੇ ਸੰਗ੍ਰਿਹ 'ਤੂਫ਼ਾਨ ਦੀਆਂ ਜੜ੍ਹਾਂ ਵਿਚ' ਦੀ ਹਰ ਕਵਿਤਾ 'ਚ ਬੜਾ ਬੇਬਾਕ ਹੋ ਕੇ ਹਰ ਖੇਤ੍ਰ ਦੇ ਚੌਧਰੀਆਂ ਦਾ ਨਕਾਬ ਉਤਾਰਦਾ ਹੈ । ਉਹਦੀ ਦੋ ਕਵਿਤਾ **ਇਕ ਹੋਰ 1947** ਤੇ **ਸਪੇਸ ਸ਼ਟਲ** ਇਸ ਰੌਂ ਦੀ ਸ਼ਕਤੀਸ਼ਾਲੀ ਮਿਸਾਲ ਹਨ !

ਤੂਫ਼ਾਨ ਗੁਜ਼ਰ ਜਾਣ ਤੋਂ ਬਾਅਦ ਤਾਂ
ਮਹਿਜ਼, ਡਿੱਗੇ ਘਰਾਂ ਦੇ
ਮਲਬੇ ਹੀ ਸਾਂਭੇ ਜਾ ਸਕਦੇ ਨੇ—

ਸੰਨ '47 ਹੋਵੇ ਜਾਂ 1984
ਇਹ ਪਾਗਲ ਹਵਾ ਦੇ
ਬੇਰਹਿਮ ਵਾਵਰੋਲੇ
ਜਦ ਵੀ ਚੱਲਦੇ ਨੇ
ਮਿਥਿਹਾਸ ਅਤੇ ਇਤਿਹਾਸ ਵਿਚ
ਕੋਈ ਫਰਕ ਨਹੀਂ ਰਹਿ ਜਾਂਦਾ
ਹਨੇਰੀ ਰਾਤ ਵਿਚ
ਸੜਕਾਂ ਉਤੇ, ਆਦਮੀ ਨਹੀਂ—
ਭੇੜੀਏ ਦੌੜਦੇ ਹਨ
ਮਨੁੱਖਾਂ ਦੇ ਸਾਹਾਂ 'ਚੋਂ
ਮਰੇ ਹੋਏ ਪਸ਼ੂਆਂ ਦੀ
ਦੁਰਗੰਧ ਆਉਣ ਲੱਗਦੀ ਹੈ
ਫਿਰ, ਹਵਾ ਵਿਚ ਘੁੱਗੀਆਂ ਨਹੀਂ
ਸਿਰਫ ਗਿਰਝਾਂ ਹੀ ਪਰਵਾਜ਼ ਕਰਦੀਆਂ ਹਨ
ਧਰਮ, ਸਭਿਆਚਾਰ, ਰਾਜਨੀਤੀ
ਆਦਮੀ ਨੂੰ ਆਦਮੀ ਦੁਆਰਾ
ਸੂਲੀ 'ਤੇ ਟੰਗਣ ਦੇ
ਨੁਸਖੇ ਬਣ ਕੇ ਰਹਿ ਜਾਂਦੇ ਨੇ
ਮੰਦਰ, ਮਸਜਿਦਾਂ, ਗੁਰਦੁਆਰੇ, ਗਿਰਜਾ ਘਰ
ਪੰਛੀਆਂ ਦੇ ਰੈਣ ਬਸੇਰੇ ਨਹੀਂ
ਸੱਪਾਂ ਦੇ ਘਰੋਂਦੇ ਬਣ ਜਾਂਦੇ ਨੇ
ਮੰਦਰਾਂ 'ਚ ਵੱਜਦੇ ਸੰਖ
ਮਸਜਿਦਾਂ 'ਚੋਂ ਉਠਦੀ ਆਜ਼ਾਨ
ਗੁਰਦੁਆਰਿਆਂ 'ਚ ਵੱਜਦੇ ਨਗਾਰੇ
ਗਿਰਜਿਆਂ 'ਚ ਵੱਜਦੇ ਟੱਲ
ਸਿਰਫ ਮੌਤ ਦੀ ਹੀ ਸੁਰ ਅਲਾਪਦੇ ਹਨ
ਗੀਤਾ ਤੇ ਗ੍ਰੰਥ
ਕੁਰਾਨ ਤੇ ਬਾਈਬਲ ਦੇ ਸਫੇ
ਫਿਰ ਕਿਸੇ ਜ਼ਿੰਦਗੀ ਲਈ
ਦੁਆ ਨਹੀਂ ਬਣਦੇ
ਮਹਿਜ਼—ਕਾਲੇ ਹਾਸ਼ੀਏ ਵਾਲੇ
ਮਰਸੀਏ ਬਣ ਕੇ ਰਹਿ ਜਾਂਦੇ ਨੇ

ਮੌਸਮੀਂ ਤੂਫ਼ਾਨ ਤੋਂ ਸਹਿਮੀਆਂ
ਘਰਾਂ ਦੀਆਂ ਖੁੱਡਾਂ ਵਿਚ
ਜਾ ਵੜਦੀਆਂ ਹਨ
ਰੇਸ਼ਮੀ ਚਿਹਰਿਆਂ ਵਾਲੀਆਂ
ਕੁਝ ਕੁ ਦੋ-ਮੂੰਹੀਂ ਨਿਪੁੰਸਕ ਯੁਵਾ ਕਲਮਾਂ
ਪਰ ਚਲਾਕ ਲੂੰਬੜਾਂ ਵਰਗੀਆਂ
ਖੱਸੀ ਹੋ ਚੁੱਕੀਆਂ, ਕੁਝ ਬੁੱਢੀਆਂ ਕਲਮਾਂ
ਗੱਲ੍ਹਾਂ 'ਤੇ ਘਟੀਆ ਗੁਲਾਲ ਦੀਆਂ ਤਹਿਆਂ ਜਮਾ
ਲਾਲ ਬੱਤੀ ਵਾਲੇ ਚੌਂਕ 'ਚ ਆ ਖੜ੍ਹਦੀਆਂ ਨੇ
ਮੌਸਮੀਂ ਧੁੱਪ ਸੇਕਣ ਦੇ ਬਹਾਨੇ
ਆਪਣੇ ਨੰਗੇਜ਼ ਦਾ

ਬੇਸ਼ਰਮੀ ਸੰਗ, ਪਰਦਰਸ਼ਨ ਕਰਦਿਆਂ ਹੋਇਆਂ
ਭੱਦੇ ਚਿਹਰਿਆਂ ਵਾਲੇ
ਭ੍ਰਿਸ਼ਟ ਵਪਾਰੀ ਗਾਹਕਾਂ ਦੀ ਉਡੀਕ ਵਿਚ

ਲਲਾਰੀਆਂ ਦੇ ਰੰਗੀਨ ਪਾਣੀਆਂ ਵਿਚ ਨਹਾ ਕੇ
ਵੇਸਵਾ-ਨੁਮਾ ਰਾਜਨੀਤੀ ਦੇ
ਬੇਜ਼ਮੀਰ, ਜੂਏਬਾਜ਼, ਸਿਆਸਤੀ ਦੱਲੇ
ਤੇਜ਼ਾਬੀ ਸ਼ਬਦਾਂ ਦਾ ਸ਼ੋਰ ਮਚਾਂਦੇ
ਸੜਕਾਂ 'ਤੇ ਨਿਕਲ ਆਉਂਦੇ ਹਨ
ਬਰਸਾਤੀ ਡੱਡੂਆਂ ਦੇ ਵਾਂਗ—

ਇਹ ਫਿਰਕੂ ਅੱਗ ਦੇ ਵਣਜਾਰੇ
ਚਿਹਰਿਆਂ 'ਤੇ ਬਹੁ-ਰੰਗੇ ਮੁਕਟ ਸਜਾਈ
ਆਪਣੇ ਗਲੇ ਸੜੇ ਦਿਮਾਗ਼ਾਂ 'ਚ ਉੱਕਰੇ
ਚੰਦਰੇ ਮਨਸੂਬਿਆਂ ਦੇ ਪਰਚਮ ਲਹਿਰਾਂਦੇ
ਆਪਣੇ ਰਾਖਸ਼ੀ ਨਥੂਣਿਆਂ 'ਚੋਂ ਨੂੰਹੇਂ ਸੁੱਟਦੇ
ਆਪਣੀਆਂ ਪਿੱਠਾਂ ਪਿਛੇ ਉੱਗ ਆਈਆਂ ਪੂਛਾਂ
ਸੱਤਾ ਦੀਆਂ ਕੁਰਸੀਆਂ ਦੀਆਂ ਲੱਤਾਂ ਦੁਆਲੇ
ਵਲ੍ਹੇਟਣ ਦੀ ਕਾਹਲ ਵਿਚ ਭੁੱਲ ਜਾਂਦੇ ਨੇ
ਕਿ ਆਦਮੀ ਕਦੀ ਟੋਪੀਆਂ, ਪਗੜੀਆਂ ਜਾਂ
ਕੁੱਲੇ ਨਹੀਂ ਹੁੰਦੇ
ਆਦਮੀ ਤਾਂ ਹੱਡ ਮਾਸ ਦੇ
ਸਾਹ ਲੈਂਦੇ ਪੁਤਲੇ ਦਾ ਨਾਮ ਹੈ

ਫਿਰਕਾਪ੍ਰਸਤ ਬਘਿਆੜਾਂ ਦੇ ਮੂੰਹ ਵੱਲ ਧੱਕਿਆ
ਮੌਸਮ ਦੀ ਇਸ ਬੇਰੁਖੀ ਤਨਹਾਈ 'ਚ ਫਸਿਆ
ਆਦਮੀ, ਆਦਮੀ ਜਿਹੇ ਬੋਲਾਂ ਲਈ ਤਰਸਦਾ ਹੈ
ਕਿਤੇ ਵੀ ਪੰਛੀਆਂ ਦੀ ਚੂਹ ਚੂਹ
ਬਾਲਾਂ ਦੇ ਪਵਿੱਤਰ ਹਾਸੇ
ਸੁਣਾਈ ਨਹੀਂ ਦਿੰਦੇ
ਮਹਿਕਾਂ ਛੱਡਦੇ ਗੁਲਾਬਾਂ
ਅਤੇ ਅੱਧ-ਖਿੜੀਆਂ ਕਲੀਆਂ ਨੂੰ
ਖਿੜਣ ਤੋਂ ਪਹਿਲਾਂ ਹੀ
ਹੜੱਪ ਕਰ ਜਾਂਦੇ ਨੇ
ਮਹਾਂ ਮਾਨਵੀ ਅਜਗਰ—

ਸਾਂ-ਸਾਂ ਕਰਦੀ ਰਾਤ ਦੇ ਹਨ੍ਹੇਰੇ ਵਿਚ
ਬਾਂਵਰੀ ਹੋਈ, ਸਿਵਿਆਂ 'ਚੋਂ ਉੱਡ ਰਹੀ ਰਾਖ਼
ਫਿਰ ਹਰ ਕਿਸੇ ਨੂੰ ਪੁੱਛਦੀ ਫਿਰਦੀ ਹੈ
ਇਕ ਹੀ ਸੁਆਲ :-
ਇਹ ਕਿਸ ਮਾਨਵ ਦਾ ਇਤਿਹਾਸ ਹੈ।
o

## ਸਪੇਸ ਸ਼ਟਲ

ਖਲਾ ਵਿਚ ਤਾਰੀਆਂ ਲਾ ਕੇ
ਕਿੱਥੇ ਪਹੁੰਚਾਂਗੇ ਆਖਰ
ਕਿਹੜੀ ਮੰਜ਼ਿਲ ਹੈ
ਕਿਸ ਧਰਤੀ
ਕਿਸ ਗ੍ਰਹਿ
ਕਿਸ ਆਕਾਸ਼ ਗੰਗਾ ਦਾ
ਆਪਣੀ ਤੀਜੀ ਅੱਖ ਵਿਚ
ਨਕਸ਼ ਉਭਾਰ ਰਹੇ ਹਾਂ—
ਆਪਣੀ ਧਰਤੀ
ਆਪਣੇ ਚੌਗਿਰਦੇ
ਆਪਣੇ ਆਪ ਤੋਂ ਤਾਂ
ਹਰ ਪਲ ਬੇਗਾਨੇ ਹੁੰਦੇ ਜਾਈਏ

ਆਪਣੀ ਕਿਸ਼ਤੀ ਆਪੇ ਹੀ
ਡੂੰਘੇ ਪਾਣੀ ਵਿਚ ਖੜ ਕੇ
ਡੋਬ ਰਹੇ ਹਾਂ
ਬੁੱਢੀਆਂ ਸੋਚਾਂ ਨੂੰ
ਰਤਾ ਨ ਚਿੰਤਾ
ਧਰਤੀ ਤੇ ਫੁੱਲ
ਕਿੰਝ ਮਹਿਕਣਗੇ
ਇਕ ਦੂਜੇ ਦੇ ਘਰ
ਕਿੰਝ ਮਿੱਟੀ ਦੇ ਵਿਚ ਮਿਲ ਸਕਦੇ ਨੇ
ਏਨ੍ਹਾਂ ਹੀ ਬਸ ਸੋਚ ਰਹੇ ਹਾਂ

ਸੁਬਹ ਸਵੇਰੇ
ਟੀ.ਵੀ. ਦੀ ਅਨਾਊਂਸਰ ਕੁੜੀ
ਫੁੱਲ ਪੱਤੀਆਂ ਜਿਹੇ ਹੋਠਾਂ 'ਚੋਂ ਜਦ
ਖਬਰ ਉਚਾਰ ਰਹੀ ਸੀ :
'ਅੱਜ ਪਹਿਲੀ ਵਾਰੀ
ਦੋ ਪੁਲਾੜ ਯਾਤਰੀ
ਸਪੇਸ ਸ਼ਟਲ 'ਚੋਂ ਬਾਹਰ ਨਿਕਲ
ਖਲਾਅ ਵਿਚ ਅਜ਼ਾਦੀ ਸੰਗ
ਤੈਰ ਸਕੇ ਹਨ
ਮੇਰਾ ਮਨ ਪੁਛੇ ਬਿਨ ਰਹਿ ਨਾ ਸਕਿਆ—
"ਧਰਤੀ ਤੋਂ ਏਨੀ ਉਪਰ ਉੱਠ ਕੇ
ਕੀ ਖੱਟਿਆ ਹੈ
ਧਰਤੀ ਉਤੇ ਵੀ ਤਾਂ
ਖਲਾਅ 'ਚ ਤੈਰ ਰਹੇ ਹੋ
ਧਰਤੀ ਦੇ ਲੋਕਾਂ ਨਾਲ
ਪਹਿਲਾਂ ਹੀ ਤੁਹਾਡਾ ਕੀ ਰਿਸ਼ਤਾ ਹੈ
ਲੱਖਾਂ ਲੋਕੀਂ ਰੋਟੀ ਦੇ ਟੁਕੜੇ ਲਈ

ਤਰਸ ਰਹੇ ਨੇ
ਬੂੰਦ ਬੂੰਦ ਪਾਣੀ ਲਈ
ਪਿਆਸੇ ਮੀਲਾਂ ਤੱਕ ਭਟਕ ਰਹੇ ਨੇ
ਤਨ ਉਤੇ ਲੀਰਾਂ ਲਮਕਾਈ
ਜੇਠ, ਹਾੜ ਦੀ ਲੂਹ ਵਿਚ ਭੁਜਦੇ
ਪੋਹ, ਮਾਘ ਦੀ ਸਰਦੀ ਵਿਚ
ਠੁਰ ਠੁਰ ਕਰਦੇ
ਤੁਹਾਡੇ ਬੰਬਾਂ ਸੰਗ ਟੁਕੜੇ ਟੁਕੜੇ ਹੋ ਕੇ
ਭੋਂ ਉਤੇ ਹਰ ਪਲ ਖਿੰਡ ਰਹੇ ਨੇ
ਮੇਰੇ ਮਨ ਵਿਚ ਉਠੇ ਏਨਾਂ ਪ੍ਰਸ਼ਨਾਂ ਵਾਂਗੂੰ
ਬੁੱਢੀ ਸੋਚ ਤੋਂ ਵਿਦਰੋਹੀ ਹੋ
ਕੈਨੇਡਾ, ਅਮਰੀਕਾ, ਇੰਗਲੈਂਡ, ਭਾਰਤ, ਰੂਸ, ਜਰਮਨੀ
ਧਰਤੀ ਦੇ ਚੱਪੇ ਚੱਪੇ ਤੇ
ਕੁਝ ਹੱਥ ਹਵਾ 'ਚ ਉਠ ਰਹੇ ਨੇ
ਕੁਝ ਪਰਚਮ ਹਵਾ 'ਚ ਲਹਿਰਾਂਦੇ ਨੇ
ਕੁਝ ਬੋਲ ਹਵਾ 'ਚ ਫੈਲ ਰਹੇ ਨੇ :
ਮੁਰਦਾ ਰੂਹਾਂ, ਮੁਰਦਾ ਜਿਸਮਾਂ ਵਿਚ ਚੁੱਕੀ ਫਿਰਦੇ
ਨੇਤਾਓ, ਅਭਿਨੇਤਾਓ
ਸਾਡੀਆਂ ਝੀਲਾਂ, ਸਾਡੇ ਦਰਿਆਵਾਂ ਨੂੰ
ਤੇਜ਼ਾਬੀ ਝੀਲਾਂ, ਜ਼ਹਿਰੀਲੇ ਦਰਿਆਵਾਂ ਵਿਚ ਨਾ ਬਦਲੋ
ਸਾਡੇ ਖੇਤਾਂ, ਸਾਡੀਆਂ ਚਰਾਗਾਹਾਂ ਵਿਚ ਬਾਰੂਦ ਨਾ ਛਿੜਕੋ
ਆਪਣੇ ਉਚੇ ਮਹਿਲਾਂ ਦੀਆਂ
ਕੰਧਾਂ ਲਿਪਣ ਲਈ
ਮਾਸੂਮਾਂ ਦੀ ਰੱਤ ਹੋਰ ਨਾ ਡੋਲ੍ਹੋ
ਲੇਜ਼ਰ ਬੀਮਾਂ
ਕਰੂਜ਼ ਮਜ਼ਾਈਲਾਂ
ਸਪੇਸ਼ ਸ਼ਟਲ ਦੀ
ਸਾਨੂੰ ਕੋਈ ਲੋੜ ਨਹੀਂ ਹੈ
ਕਿਸੇ ਧਰਤੀ
ਕਿਸੇ ਗ੍ਰਿ
ਕਿਸ ਅਕਾਸ਼ ਗੰਗਾ ਤੇ
ਅਸੀਂ ਨ ਜਾਣਾ
ਸਾਨੂੰ ਸਾਡੀ ਧਰਤੀ ਦੇ ਬੱਚੇ
ਸਾਡੀ ਆਪਣੀ ਧਰਤੀ ਦੇ
ਬਹੁ-ਰੰਗੇ ਫੁੱਲ ਹੀ ਪਿਆਰੇ ਨੇ ।

o

o ਗੁਰਚਰਨ ਰਾਮਪੁਰੀ ਅਪਣੇ ਸੰਗ੍ਰਹਿ 'ਕਤਲਗਾਹ' ਵਿਚ ਹਰ ਕਵਿਤਾ ਸੱਚੇ ਸੁੱਚੇ ਜਜ਼ਬਿਆਂ ਨੂੰ ਸਮਰਪਨ ਕਰਦਾ ਹੈ। ਉਸਦੀ ਕਵਿਤਾ ਦੀ ਕੁਝ ਵੰਨਗੀਆਂ ਹਾਜ਼ਰ ਹਨ :-

ਰੰਗ ਪਗੜੀ ਦਾ ਬਹੁਤ ਹੀ ਖੂਬਸੂਰਤ ਸ਼ੋਖ ਹੈ
ਏਸ ਪਗੜੀ ਹੇਠ ਹੁਣ ਇਕ ਸਿਰ ਜਗਾਓ ਸੂਰਜੀ
ਜੋਸ਼ ਦੇ ਸੰਗ ਹੋਸ਼ ਦੀ ਵੀ ਲੋੜ ਹੈ
(ਕਵਿਤਾ ਸੂਰਜੀ ਸਿਰ)

ਮੈਂ ਸਰਕਾਰੀ ਹਿੱਟ ਲਿਸਟ ਤੇ
ਅਤੇ ਵਿਰੋਧੀ ਧਿਰ ਦੀ ਹਿੱਟ ਲਿਸਟੇ ਵੀ
ਕਿਉਂਕਿ ਕੁਰਸੀਬਾਜ਼ ਇਹ ਦੋਵੇਂ
ਮੇਰੀ ਕਾਨੀ ਦੀ ਹਿੱਟ ਲਿਸਟੇ ਚੜ੍ਹੇ ਹੋਏ ਹਨ
(ਕਵਿਤਾ ਕਾਨੀ ਦੀ ਹਿੱਟ ਲਿਸਟ)

ਗੁਰਚਰਨ ਰਾਮਪੁਰੀ ਅਪਣੀ ਇਕ ਕਵਿਤਾ **ਘੁੰਮਦੀ ਮੱਛੀ ਦੀ ਅੱਖ** ਵਿਚ ਸਹੀ ਅਮਲ ਦੀ ਗੱਲ ਕਰਦਾ ਹੈ।

ਗਰਮ ਰਉਂ ਵਾਲੇ ਭਰਾਵਾ
ਤਿਰਾ ਵੈਰੀ ਤਿਰੇ ਸੱਜੇ ਰਹਿ ਰਿਹਾ ਗੁਆਂਢੀ ਨਹੀਂ
ਜੋ ਕਿ ਤੈਥੋਂ ਰਤਾ ਵੱਖਰੇ ਇਸ਼ਟ ਅੱਗੇ ਸਿਰ ਨਿਵਾਉਂਦਾ ।
ਤੇਰਾ ਦੁਸ਼ਮਣ ਜਾਂ ਤਾਂ ਗੱਦੀਦਾਰ ਜਾਬਰ
ਜਾਂ ਉਹ ਪਰਚਾਰਕ ਜੋ ਬੰਨ੍ਹ ਕੇ
ਵਿਹੁ-ਵਲਿੱਸੇ ਜਜ਼ਬਿਆਂ ਭਿੱਜੀ ਤਿਰੇ ਨੈਣਾਂ ਦੀ ਪੱਟੀ
ਤੀਰ ਛੱਡਣ ਲਈ ਤੈਨੂੰ ਕਹਿ ਰਿਹਾ ਹੈ ।
ਖੋਲ੍ਹ ਅੱਖਾਂ ਅਪਣੀਆਂ, ਵੈਰੀ ਪਛਾਣ
ਘੁੰਮਦੀ ਮੱਛੀ ਦੀ ਅੱਖ ਵਿਚ ਫੇਰ ਹੀ ਲਗੇਗਾ ਬਾਣ ।
ਕੋਈ ਮਜਬੂਰੀ ਨਹੀਂ ਤੈਨੂੰ ਕਿ ਤੂੰ
ਤੇਲ ਦੇ ਸ਼ੀਸ਼ੇ : ਕੜਾਹੇ ਵਿਚ ਦੇਖੇਂ
ਝਾਕ ਸਿੱਧਾ ਅਪਣੇ ਵੈਰੀ ਦੀਆਂ ਅੱਖਾਂ 'ਚ ਹੀ,
ਤੀਰ ਫੇਰ ਕੱਸਕੇ ਚਲਾ ।

o

o ਜਗਤਾਰ ਢਾਅ ਦੀ ਕਾਵਿ ਪੁਸਤਕ 'ਚਾਂਦੀ ਨਗਰ ਤੇ ਪਰਿੰਦਾ' ਇਕ ਲੰਮੀ ਕਵਿਤਾ ਹੈ, ਜਿਸਦਾ ਹਰ ਭਾਗ ਆਪਣੇ ਆਪ ਵਿਚ ਇਕ ਸੁੰਤੰਤਰ ਕਵਿਤਾ ਵੀ ਹੈ। ਇੰਗਲੈਂਡ ਵਿਚ ਵਸਦੇ ਅਪਣੇ ਲੋਕਾਂ ਦੇ ਕੁਚੱਲੇ ਅਰਮਾਨਾਂ ਦਾ ਕਾਵਿਕ ਪ੍ਰਗਟਾਵਾ ਇਸ ਪੁਸਤਕ ਨੂੰ ਅਜ ਦੇ ਦੌਰ ਦੀ ਪੰਜਾਬੀ ਕਵਿਤਾ ਦੀਆਂ ਵਿਸ਼ੇਸ਼ ਪ੍ਰਾਪਤੀਆਂ ਵਿਚ ਸ਼ਾਮਲ ਕੀਤੇ ਜਾਣ ਦਾ ਹੱਕ ਦੇਂਦਾ ਹੈ। **ਸਾਡਾ ਟਿਕਾਣਾ** ਕਾਵਿ ਟੋਟਾ ਇਸ ਦਾ ਪ੍ਰਤੀਕ ਹੈ

ਚਾਂਦੀ ਨਗਰ
ਅਸੀਂ ਹੁਣ ਪਰਤ ਨਹੀਂ ਜਾਣਾ
ਤੇਰੀਆਂ ਕੰਧਾਂ 'ਚ ਹੀ ਲੱਭਾਂਗੇ

ਆਪਣਾ ਟਿਕਾਣਾ।

ਸਾਡੇ ਪਰਤਣ ਨਾਲ ਕਿਹੜਾ
ਸੁੱਕਿਆ ਬਾਗ ਹਰਾ ਹੋ ਜਾਣਾ
ਜਾਂ ਹੱਥਾਂ ਦੀ ਮੈਲ ਵਾਲਾ
ਖੋਟਾ ਪੈਸਾ ਖਰਾ ਹੋ ਜਾਣਾ।

ਸਾਡੀ ਭੁੱਖ ਸਾਡੀ ਤਲਾਸ਼ ਬਣਦੀ
ਤਾਂ ਵਾਪਸ ਪਰਤਦੇ
ਨਿੱਜੀ ਪਿਆਸ ਸਰਬੱਤ ਦੀ ਪਿਆਸ ਬਣਦੀ
ਤਾਂ ਵਾਪਸ ਪਰਤਦੇ।

ਸਾਡਾ ਅਹਿਸਾਸ ਸਾਡਾ ਵਿਸ਼ਵਾਸ ਬਣਦਾ
ਤਾਂ ਵਾਪਸ ਪਰਤਦੇ
ਹਨੇਰੇ ਦਾ ਬੱਦਲ ਸਾਡੇ ਅੰਦਰੋਂ ਛਣਦਾ
ਤਾਂ ਵਾਪਸ ਪਰਤਦੇ।

ਚਾਂਦੀ ਨਗਰ ਤੂੰ ਸਾਡੀ ਭੁੱਖ ਨੂੰ
ਭਟਕਣਾਂ 'ਚ ਵੰਡਾ ਦਿੱਤਾ ਹੈ
ਸਾਨੂੰ ਪਿਆਸ ਦਾ
ਹੋਰ ਵੀ ਲਾਂਬੂ ਲਾ ਦਿੱਤਾ ਹੈ

ਹੁਣ ਏਥੇ ਰਹਿੰਦਿਆਂ ਅਸੀਂ
ਤੇਰੇ ਉਨ੍ਹਾਂ ਇਤਿਹਾਸਕ ਕਮਰਿਆਂ ਦੀ ਵੀ
ਪਹਿਰੇਦਾਰੀ ਕਰਿਆ ਕਰਾਂਗੇ
ਜਿਨ੍ਹਾਂ ਅੰਦਰ ਰੱਖੇ ਹੋਏ ਨੇ
ਸਾਡੇ ਪੁਰਖਿਆਂ ਦੇ ਵੱਢੇ ਟੁੱਕੇ ਅੰਗ
ਜਾਂ ਸਾਡੇ ਦੇਸ਼ ਦੇ ਬੱਚਿਆਂ ਦੇ
ਕੱਟੇ ਹੋਏ ਪਤੰਗ।

ਆਪਣੀ ਗੁਆਚ ਰਹੀ ਸ਼ਨਾਖ਼ਤ ਲੱਭਦੇ
ਤੇਰਿਆਂ ਉਦਾਸ ਰਾਹਾਂ ਉਤੇ ਭਟਕਿਆ ਕਰਾਂਗੇ
ਠੋਕਰੇ ਖਾਧੇ ਖਾਲੀ ਟੀਨ ਵਾਂਗੂੰ
ਤੇਰੀਆਂ ਸੜਕਾਂ ਉਤੇ ਖੜਕਿਆ ਕਰਾਂਗੇ।

ਨਸਲਵਾਦੀ ਅੱਖਾਂ 'ਚ ਦਿੱਸਦੇ ਨੇਜ਼ਿਆਂ ਉਤੇ
ਮੋਏ ਖਰਗੋਸ਼ਾਂ ਵਾਂਗੂੰ ਲਟਕਿਆ ਕਰਾਂਗੇ
ਤੋਹਮਤਾਂ ਦੀ ਮੱਖ ਤੋਂ ਆਪਾ ਬਚਾਉਣ ਲਈ
ਪਸ਼ੂਆਂ ਵਾਂਗੂੰ ਪਿੰਡੇ ਝਟਕਿਆ ਕਰਾਂਗੇ।

ਸਾਡੀ ਮਾਂ ਦੀ ਵੇਸਵਾ ਗਮਨੀ ਕਰ ਕਰ
ਥੱਕ ਚੂਰ ਹੋਏ ਤੇਰੇ 'ਯੋਧਿਆਂ' ਦੇ
ਚੌਰਸਤੇ ਅੰਦਰ ਗੱਡੇ ਬੁੱਤਾਂ ਨੂੰ
ਕੱਸ ਕੇ ਸਲਾਮੀ ਦਿਆ ਕਰਾਂਗੇ
ਤੇ ਤੇਰੀ ਸਾਡੀ 'ਸਾਂਝ ਦੋਸਤੀ' ਨੂੰ
ਸਦੀਆਂ ਪੁਰਾਣਾ ਕਿਹਾ ਕਰਾਂਗੇ।

ਤੇਰੇ ਸ਼ੋਅ ਕੇਸਾਂ 'ਚ ਰੱਖਣ ਲਈ ਆਪਾਂ
ਰਾਤ ਦਿਨੇ ਖ਼ੁਦ ਨੂੰ ਤਰਾਸ਼ਾਂਗੇ
ਤੇਰੇ ਸਰਕਾਰੀ ਭਵਨਾਂ ਦੇ ਦਰਵਾਜ਼ਿਆਂ 'ਚ ਖੜ੍ਹ ਖੜ੍ਹ
ਆਪਣਾ ਕੱਦ ਮਾਪਾਂਗੇ।

ਪਰ ਹਰ ਵਾਰ ਤੇਰੇ ਵਿਉਪਾਰੀ
ਸਾਨੂੰ ਦਿੱਲੀ ਦੇ ਦੱਲਿਆਂ ਦੀ ਨਜ਼ਰ 'ਚ ਰੱਖ ਕੇ ਵੀ
ਸਾਡਾ ਮੁੱਲ ਪਾਉਣਗੇ
ਤਾਂ ਸਾਨੂੰ ਆਪਣੇ ਜਿਸਮ ਉਤੇ
ਕਦੀ ਨਾ ਭਰਨ ਵਾਲੇ ਜ਼ਖ਼ਮ ਨਜ਼ਰ ਆਉਣਗੇ।

ਇਸ ਦੇ ਬਾਵਜੂਦ ਵੀ ਚਾਂਦੀ ਨਗਰ
ਅਸਾਂ ਹੁਣ ਪਰਤ ਨਹੀਂ ਜਾਣਾ
ਤੇਰੀਆਂ ਕੰਧਾਂ 'ਚ ਹੀ ਲੱਭਾਂਗੇ
ਆਪਣਾ ਟਿਕਾਣਾ।

o

ਇਹ ਕਿਉਂ ਹੋਇਆ ਹੈ ਕਿਉਂਕਿ :

ਖੰਭਾਂ ਦੇ ਹੁੰਦਿਆਂ ਸੁੰਦਿਆਂ
ਹੁਣ ਮੈਂ ਉਡ ਨਹੀਂ ਸਕਦਾ।
ਜਦੋਂ ਢਿੱਡ ਖਾਲੀ ਸੀ
ਖੰਭਾਂ 'ਚ ਤਾਣ ਬੜਾ ਸੀ
ਉਡ ਉਡ ਚੋਗ ਚੁਗਣ ਦਾ
ਦਿਲ 'ਚ ਅਰਮਾਨ ਬੜਾ ਸੀ
ਪਰ ਜਦੋਂ ਦਾ ਢਿਡ ਭਰਿਆ ਹੈ
ਖੰਭਾਂ ਦਾ ਤਾਣ ਮਰਿਆ ਹੈ
ਕਿ ਤਪਦੀ ਹਿਕ ਦੇ ਅੰਦਰ
ਉਡਣ ਦਾ ਚਾਅ ਠਰਿਆ ਹੈ

(ਕਵਿਤਾ ਭਾਗ 'ਹੁਣ ਮੈਂ ਉਡ ਨਹੀਂ ਸਕਦਾ')


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ

ਚਾਨਣ ਦਾ ਸਰਨਾਵਾਂ / ਚੋਣਵੀਂ ਕਵਿਤਾ / ਹਰਭਜਨ ਸਿੰਘ ਹੁੰਦਲ
ਸੱਤੀਂ ਵੀਹੀਂ ਸੌ / ਅਵਤਾਰ ਗਿੱਲ o ਜ਼ਖ਼ਮਾਂ ਦੀ ਫ਼ਸਲ/ਸੁਰਿੰਦਰ ਧੰਜਲ
ਕਲਾਰਾ ਜ਼ੈਟਕਿਨ

# ਪੰਜਾਬ ਮਸਲੇ (ਸਮਝੌਤੇ) ਦਾ ਸਧਾਰਣ ਲੋਕਾਂ ਦੀ ਜ਼ਿੰਦਗੀ ਤੇ ਅਸਰ

## ਮਹਿੰਦਰ ਮੱਟੂ

ਜਮਾਤਾਂ ਵਿਚ ਵੰਡੇ ਸਮਾਜ ਵਿਚ ਹਾਕਮ ਜਮਾਤਾਂ ਸਿਰਫ ਬਲ ਨਾਲ ਹੀ ਲੋਕਾਂ ਨੂੰ ਦਬਾ ਕੇ ਆਪਣੀ ਲੁੱਟ ਜਾਰੀ ਨਹੀਂ ਰੱਖਦੀਆਂ, ਬਲਕਿ ਇਹ ਛਲ ਨਾਲ ਵੀ ਲੋਕਾਂ ਨੂੰ ਗੁਮਰਾਹ ਕਰਕੇ ਆਪਣੀ ਉਮਰ ਲੰਬੀ ਕਰਨ ਦੀਆਂ ਸਾਜ਼ਿਸ਼ਾਂ ਰਚਦੀਆ ਰਹਿੰਦੀਆਂ ਹਨ। ਇਹ ਮਿਹਨਤਕਸ਼ ਲੋਕਾਂ ਨੂੰ ਦੇਸ਼ਾਂ, ਪ੍ਰਦੇਸ਼ਾਂ, ਧਰਮਾਂ, ਜਾਤਾਂ, ਕੌਮਾਂ ਅਤੇ ਗੋਤਾਂ ਦੇ ਅਧਾਰ ਤੇ ਪਾੜ ਕੇ ਉਹਨਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਦੀਆਂ ਕਮੀਨੀਆਂ ਕੋਸ਼ਿਸ਼ਾਂ ਕਰਦੀਆਂ ਰਹਿੰਦੀਆਂ ਹਨ। ਪਿੰਡ ਦੇ ਚੌਧਰੀਆਂ ਨੂੰ ਜਦੋਂ ਕਿਸੇ ਘੋਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਪਿੰਡ ਦੇ ਲੋਕਾਂ ਵਿਚ ਜਾਤ ਦਾ ਜਾਂ ਧਰਮ ਦਾ ਜਾਂ ਗੋਤ ਦਾ ਨਾਹਰਾ ਲਾ ਦਿੰਦੇ ਹਨ ਅਤੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਹੀ ਜਮਾਤੀ ਸੰਗੀਆਂ ਦੇ ਖਿਲਾਫ ਕਰ ਦਿੰਦੇ ਹਨ। ਖੇਤ ਮਜ਼ਦੂਰ ਜਦ ਆਪਣੀਆਂ ਦਿਹਾੜੀਆਂ ਵਧਾਉਣ ਦੀ ਮੰਗ ਨੂੰ ਲੈ ਕੇ ਸਰਦਾਰੜਿਆਂ (ਪਿੰਡ ਦੇ ਸਰਮਾਏਦਾਰਾਂ) ਦੇ ਖਿਲਾਫ਼ ਘੋਲ ਕਰਦੇ ਹਨ ਤਾਂ ਸਰਦਾਰੜੇ "ਕੰਮੀ-ਕਮੀਨ ਸਿਰ ਚੜ੍ਹੀ ਜਾ ਰਹੇ ਹਨ" ਦਾ ਨਾਹਰਾ ਦੇ ਕੇ ਪਿੰਡ ਦੇ ਗਰੀਬ ਕਿਸਾਨਾਂ ਨੂੰ ਆਪਣੇ ਮਗਰ ਲਾ ਕੇ ਖੇਤ ਮਜ਼ਦੂਰਾਂ ਦੇ ਘੋਲਾਂ ਨੂੰ ਅਸਫਲ ਕਰਨ ਦਾ ਜੁਰਮ ਕਰਦੇ ਹਨ। ਮਜ਼ਦੂਰਾਂ ਦਾ ਬਾਈਕਾਟ ਕੀਤਾ ਜਾਂਦਾ ਹੈ ਅਤੇ ਉਹਨਾਂ ਦਾ ਆਪਣੀ ਖੇਤੀਂ-ਬੰਨੀਂ ਜਾਣਾ ਬੰਦ ਕੀਤਾ ਜਾਂਦਾ ਹੈ। ਗਰੀਬ ਕਿਸਾਨਾਂ ਨੇ ਕਦੇ ਖੇਤ ਮਜ਼ਦੂਰਾਂ ਤੋਂ ਕੰਮ ਵੀ ਨਹੀਂ ਲੈਣਾ ਹੁੰਦਾ। ਕਿਉਂਕਿ ਉਹਨਾਂ ਨੇ ਤੇ ਆਪ-ਆਪਣੀ ਹੱਥੀਂ ਕੰਮ ਕਰਨਾ ਹੁੰਦਾ ਹੈ ਪਰ ਪੇਂਡੂ ਸਰਮਾਏਦਾਰ (ਸਰਦਾਰੜੇ) ਜਾਤ ਦੇ ਆਧਾਰ ਤੇ ਹੀ ਮਗਰ ਲਾ ਕੇ ਉਹਨਾਂ ਦੇ ਸੰਗੀਆਂ ਦੇ ਖਿਲਾਫ਼ ਕਰ ਦਿੰਦੇ ਹਨ।

ਕੌਮੀ ਪੱਧਰ ਤੇ ਲੋਕਾਂ ਦਾ ਧਿਆਨ ਅਸਲ ਮਸਲਿਆਂ—ਜਿਵੇਂ ਗਰੀਬੀ, ਬੇਰੁਜ਼ਗਾਰੀ, ਵਧ ਰਹੀ ਮਹਿੰਗਾਈ ਆਦਿ ਤੋਂ ਪਾਸੇ ਲਿਜਾਣ ਲਈ ਇਹ ਲੁਟੇਰੀ ਜਮਾਤ "ਦੇਸ਼ ਨੂੰ ਪਾਕਿਸਤਾਨ ਤੋਂ ਖਤਰਾ ਜਾਂ ਦੇਸ਼ ਨੂੰ ਚੀਨ ਤੋਂ ਖਤਰੇ" ਦਾ ਹਊਆ ਖੜ੍ਹਾ ਕਰ ਦਿੰਦੀ ਹੈ। ਅਤੇ ਮਿਹਨਤਕਸ਼ ਲੋਕ ਦੇਸ਼ ਪ੍ਰੇਮ ਦੇ ਨਸ਼ੇ ਵਿਚ ਬਾਕੀ ਸਾਰਿਆਂ ਮਸਲਿਆਂ ਨੂੰ ਭੁੱਲ ਜਾਂਦੇ ਹਨ। ਇਹ ਲੁਟੇਰੇ ਸਾਨੂੰ ਦੇਸ਼ ਭਗਤੀ ਦਾ ਪਾਠ ਪੜ੍ਹਾ ਕੇ ਆਪਣੀ ਹੀ ਜਮਾਤ ਦੇ ਦੂਜੇ ਦੇਸ਼ਾਂ ਦੇ ਲੋਕਾਂ ਦੇ ਜਜ਼ਬਾਤੀ ਤੌਰ ਤੇ ਖਿਲਾਫ ਖੜੇ ਕਰਨ ਦਾ ਕਾਰਨਾਮਾ ਕਰ ਜਾਂਦੇ ਹਨ। ਕਿਉਂਕਿ ਦੇਸ਼ ਭਗਤੀ ਇਕ ਅਜਿਹਾ ਨਸ਼ਾ ਹੈ, ਜਿਹੜਾ ਸਾਨੂੰ ਸੱਚਾਈ ਤੋਂ ਕੋਹਾਂ ਦੂਰ ਲਿਜਾ ਕੇ ਸੁੱਟ ਦਿੰਦਾ ਹੈ। ਇਸ ਨਸ਼ੇ ਵਿਚ ਨਸ਼ਈ ਹੋ ਕੇ ਲੋਕ ਦੂਜੇ ਦੇਸ਼ਾਂ ਦੇ ਮਿਹਨਤਕਸ਼ ਲੋਕਾਂ ਨਾਲ ਆਪਣੇ ਸਾਂਝੇ ਹਿੱਤ ਭੁੱਲ ਜਾਂਦੇ ਹਨ।

ਇਹ ਹਾਕਮ ਲੋਕਾਂ ਦੀਆਂ ਖੇਤਰੀ ਭਾਵਨਾਵਾਂ ਭੜਕਾ ਕੇ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਦਾ ਕੁਕਰਮ ਕਰਦੇ ਹਨ। ਜਦ ਇਹਨਾਂ ਕੋਲ ਅਸਲ ਸਮੱਸਿਆਵਾਂ ਦਾ ਹੱਲ ਨਹੀਂ ਹੁੰਦਾ (ਜਿਹੜਾ ਇਸ ਢਾਂਚੇ ਵਿਚ ਹੋ ਹੀ ਨਹੀਂ ਸਕਦਾ) ਅਤੇ ਲੋਕ-ਰੋਹ ਉਬਾਲੇ ਮਾਰਨ ਲੱਗਦਾ ਹੈ। ਤਾਂ ਇਹ ਖੇਤਰੀ ਮਸਲੇ ਉਠਾ ਕੇ ਲੋਕਾਂ ਦੇ ਰੋਹ ਨੂੰ ਗਲਤ ਰਾਹ ਪਾ ਦਿੰਦੇ ਹਨ। "ਚੰਡੀਗੜ੍ਹ ਪੰਜਾਬ ਨੂੰ ਦਿਓ", ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿਓ", "ਪੰਜਾਬ ਦੇ ਦਰਿਆਵਾਂ ਦਾ ਪਾਣੀ ਹੋਰ ਸੂਬਿਆਂ ਨੂੰ ਨਹੀਂ ਦੇਣਾ।" ਅਤੇ ਕਦੇ "ਹਿੰਦੀ ਬੋਲਦੇ ਇਲਾਕੇ ਪੰਜਾਬ ਵਿਚੋਂ ਕੱਢ ਕੇ ਹਰਿਆਣੇ ਨੂੰ ਦਿੱਤੇ ਜਾਣ" ਜਿਹੀਆਂ ਮੰਗਾਂ ਵੱਲ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਹੈ। ਇਹੋ ਜਿਹੀਆਂ ਖੇਤਰੀ ਮੰਗਾਂ ਨੂੰ ਲੈ ਕੇ ਕਦੇ ਅਕਾਲੀ ਲੋਕਾਂ ਨੂੰ ਗੁਮਰਾਹ ਕਰਦੇ ਹਨ। ਅਤੇ ਕਦੇ ਲੋਕ ਦਲ ਵਾਲੇ ਹਰਿਆਣੇ ਵਿਚ ਐਜੀਟੇਸ਼ਨ ਕਰਦੇ ਹਨ। ਇਹਨਾਂ ਘੋਲਾਂ ਨਾਲ ਲੋਕ ਇੱਥੇ ਜਾ ਕੇ ਖੜੇ ਹੋ ਜਾਂਦੇ ਹਨ ਕਿ ਪੰਜਾਬ ਦੇ ਸਧਾਰਨ ਲੋਕ ਹਰਿਆਣੇ ਦੇ ਸਧਾਰਨ ਲੋਕਾਂ ਨੂੰ ਦੁਸ਼ਮਣ ਲੱਗਣ ਲੱਗ ਜਾਂਦੇ ਹਨ ਅਤੇ ਹਰਿਆਣੇ ਦੇ ਲੋਕ ਪੰਜਾਬੀਆਂ ਨੂੰ! ਲੁਟੇਰੇ ਮਹਿਲਾਂ ਵਿਚ ਬੈਠੇ ਖੁਸ਼ ਹੁੰਦੇ ਹਨ ਕਿ ਅਸੀਂ ਆਪਣੇ ਮਿਸ਼ਨ ਵਿਚ ਸਫਲ ਹਾਂ। ਹਾਕਮ ਜਮਾਤ ਖੇਤਰੀ ਮੰਗਾਂ ਲੈ ਕੇ ਲੋਕਾਂ ਦਾ ਧਿਆਨ ਉਧਰ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਗੁਮਰਾਹ ਕਰਕੇ ਆਪਣਾ ਮੁਨਾਫ਼ਾ ਵਧਾਉਣ ਦੀਆਂ ਸਾਜ਼ਿਸ਼ਾਂ ਵਿਚ ਲੱਗੀ ਰਹਿੰਦੀ ਹੈ।

ਲੋਕਾਂ ਦਾ ਧਿਆਨ ਅਕਾਲ-ਤਖਤ ਦੀ ਕਾਰ ਸੇਵਾ ਵੱਲ ਮੋੜਕੇ ਕਿਸਾਨੀ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧਾਉਣ ਦੀ ਮਿਸਾਲ ਸਾਡੇ ਸਾਹਮਣੇ ਹੈ। ਇਕੱਲੀ ਕਿਸਾਨੀ ਦੀ ਵਰਤੋਂ ਵਾਲੀਆਂ ਹੀ ਨਹੀਂ ਬਲਕਿ ਆਮ ਆਦਮੀ ਦੀ ਵਰਤੋਂ ਵਾਲੀਆਂ ਵਸਤਾਂ ਜਿਵੇਂ ਮਿੱਟੀ ਦਾ ਤੇਲ ਆਦਿ ਦੀਆਂ ਕੀਮਤਾਂ ਵਿਚ ਵੀ ਵਾਧਾ ਕਰ ਦਿੱਤਾ ਗਿਆ ਹੈ। ਖਾਦ ਦੀਆਂ ਕੀਮਤਾਂ 20 ਰੁਪਏ ਪ੍ਰਤੀ ਕੁਵਿੰਟਲ, ਕਣਕ ਦੀ ਕੀਮਤ 5 ਰੁਪਏ ਕੁਵਿੰਟਲ ਵਧਾਉਣੀ, ਕਿਸਾਨਾਂ ਨਾਲ ਮਜ਼ਾਕ ਨਹੀਂ ਤਾਂ ਹੋਰ ਕੀ ਹੈ। ਇੱਥੇ ਕਣਕ, ਜਿਹੜੀ ਕਿ ਹਰ ਮਜ਼ਦੂਰ ਜਾਂ ਦਰਮਿਆਨੀ ਜਮਾਤ ਦੇ ਆਦਮੀ ਨੇ

ਖਰੀਦਣੀ ਹੈ, ਦੀ ਕੀਮਤ ਵਧਾਉਣ ਦੀ ਵਕਾਲਤ ਨਹੀਂ ਕਰ ਰਿਹਾ ਬਲਕਿ ਕਿਸਾਨੀ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਧਾਉਣੀਆਂ ਨਜਾਇਜ਼ ਹੈ ।

ਆਪਣੇ ਆਪ ਨੂੰ ਸਿੱਖਾਂ ਦੀਆਂ, ਖਾਸ ਤੌਰ ਤੇ ਕਿਸਾਨਾਂ ਦੀਆਂ ਹਿਤੈਸ਼ੀ ਕਹਾਉਣ ਵਾਲੀਆਂ ਜੱਥੇਬੰਦੀਆਂ ਜਿਵੇਂ ਸਿੱਖ ਸਟੂਡੈਂਟ ਫੈਡਰੇਸ਼ਨ, ਦਮਦਮੀ ਟਕਸਾਲ, ਯੂਥ ਅਕਾਲੀ ਦਲ, ਅਕਾਲੀ ਦਲ ਆਦਿ ਨੂੰ ਇਹਨਾਂ ਵਧੀਆਂ ਕੀਮਤਾਂ ਦੀ ਕੋਈ ਪਰਵਾਹ ਨਹੀਂ । ਉਹਨਾਂ ਨੇ ਤਾਂ ਬਣਿਆ ਹੋਇਆ ਅਕਾਲ ਤਖਤ (ਜਿਸ 'ਤੇ ਕਰੋੜਾਂ ਰੁਪਏ ਪਹਿਲਾਂ ਖਰਚ ਆਇਆ ਸੀ) ਪਹਿਲਾਂ ਡੇਗਣਾ ਅਤੇ ਮੁੜ ਬਣਾਉਣਾ ਹੈ। ਉਨ੍ਹਾਂ ਲਈ ਮੁੱਖ ਮਸਲਾ ਇਹ ਹੈ ਕਿ ਅਕਾਲ ਤਖਤ ਢਾਹੁਣ ਅਤੇ ਬਣਾਉਣ ਵਿਚ ਮੋਹਰੀ ਕੌਣ ਬਣਦਾ ਹੈ। ਕਿਸਾਨੀ ਪਏ ਢੱਠੇ ਖੂਹ ਵਿਚ, ਉਨ੍ਹਾਂ ਦਾ ਤਾਂ ਪੰਥ ਚੜ੍ਹਦੀਆਂ ਕਲਾਂ ਵਿਚ ਰਹਿਣਾ ਚਾਹੀਦਾ, ਅਕਾਲ ਤਖਤ ਪਵਿੱਤਰ ਹੋਣਾ ਚਾਹੀਦੈ।

ਪੰਜਾਬ ਸਮਝੌਤਾ ਅਕਾਲੀ ਦਲ ਦੀਆਂ ਨਜ਼ਰਾਂ ਵਿਚ ਪੰਜਾਬ ਦੇ ਲੋਕਾਂ ਦੀ ਮਹਾਨ ਪ੍ਰਾਪਤੀ ਹੈ ਅਤੇ ਸੰਯੁਕਤ ਅਕਾਲੀ ਦਲ ਦੀਆਂ ਨਜ਼ਰਾਂ ਵਿਚ ਇਹ ਲੋਕਾਂ ਨਾਲ ਇਕ ਧੋਖਾ ਹੈ । ਬਾਕੀ ਵਿਰੋਧੀ ਪਾਰਟੀਆਂ ਦੀਆਂ ਨਜ਼ਰਾਂ ਵਿਚ ਵੀ ਇਹ ਸਮਝੌਤਾ ਨਵੇਂ ਦੌਰ ਦੀ ਸ਼ੁਰੂਆਤ ਕਰੇਗਾ । ਪੰਜਾਬ ਸਮਝੌਤੇ ਦਾ ਮਿਹਨਤਾਂ ਲੋਕਾਂ ਦੀ ਜ਼ਿੰਦਗੀ ਤੇ ਕੀ ਅਸਰ ਪਵੇਗਾ, ਇਹ ਇਸ ਪ੍ਰਕਾਰ ਹੈ—

ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣਾ ਪੰਜਾਬ ਦੀਆਂ ਲੱਗਪੱਗ ਸਾਰੀਆਂ ਹੀ ਵਿਰੋਧੀ ਪਾਰਟੀਆਂ ਵਲੋਂ ਮਹਾਨ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪਹਿਲੀ ਗੱਲ ਚੰਡੀਗੜ੍ਹ ਪੰਜਾਬ ਵਿਚ ਆਉਣ ਨਾਲ ਪੰਜਾਬ ਅਤੇ ਹਰਿਆਣੇ ਦੇ ਸਧਾਰਨ ਲੋਕਾਂ ਵਿਚ ਜਜ਼ਬਾਤੀ ਵਿਰੋਧ ਵੀ ਵਧਿਆ ਹੈ, ਜਿਹੜਾ ਕਿ ਬਹੁਤ ਹੀ ਖਤਰਨਾਕ ਗੱਲ ਹੈ । ਦੂਜੀ ਗੱਲ ਚੰਡੀਗੜ੍ਹ ਦੇ ਪੰਜਾਬ ਨੂੰ ਮਿਲਣ ਨਾਲ ਪੰਜਾਬ ਦੇ ਮਜ਼ਦੂਰ ਕਿਸਾਨਾਂ ਨੂੰ ਕੀ ਫਾਇਦਾ ਹੋਇਆ ? ਉਹਨਾਂ ਤਾਂ ਉਥੇ ਏਅਰ ਕੰਡੀਸ਼ਨਡ ਕੋਠੀਆਂ 'ਚ ਰਹਿਣਾ ਨਹੀਂ ਤੇ ਨਾ ਹੀ ਉਹਨਾਂ ਤੋਂ ਉੱਥੇ ਕੋਠੀਆਂ ਬਣਨੀਆਂ ਹਨ । ਫਾਇਦਾ ਹੈ ਤਾਂ ਪੰਜਾਬ ਦੇ ਬੁਰਜੂਆ ਸਿਆਸਤ-ਦਾਨਾਂ ਨੂੰ ਜਾਂ ਨੌਕਰਸ਼ਾਹੀ ਨੂੰ ਹੋਵੇਗਾ । ਜਿਹਨਾਂ ਦੇ ਉਥੇ ਪਲਾਟ ਜਾਂ ਕੋਠੀਆਂ ਹਨ । ਆਮ ਸਧਾਰਨ ਲੋਕਾਂ ਨੂੰ ਤਾਂ ਚੰਡੀਗੜ੍ਹ ਮਿਲਣ ਦੀ ਕੀਮਤ ਹੀ ਚੁਕਾਣੀ ਪਈ ਹੈ। ਫਾਇਦਾ ਤਾਂ ਕੋਈ ਹੈ ਨਹੀਂ । ਭੂਗੋਲਿਕ ਪੱਖੋਂ ਵੀ ਚੰਡੀਗੜ੍ਹ ਦਾ 1966 ਤੋਂ ਪਹਿਲਾਂ ਪੰਜਾਬ ਦੀ ਰਾਜਧਾਨੀ ਹੋਣਾ ਤਾਂ ਠੀਕ ਸੀ, ਕਿਉਂਕਿ ਇਹ ਲਗਪਗ ਕੇਂਦਰ ਵਿਚ ਹੀ ਪੈਂਦਾ ਸੀ । ਹੁਣ ਇਹ ਰਾਜਧਾਨੀ ਨਾਂ ਤਾਂ ਪੰਜਾਬ ਦੀ ਹੀ ਢੁਕਵੀਂ ਹੈ, ਨਾ ਹੀ ਹਰਿਆਣੇ ਦੀ । ਦੋਹਾਂ ਦੇ ਸਿਰਿਆਂ ਤੇ ਪੈਂਦਾ ਹੈ । ਰਾਜਧਾਨੀ ਰਾਜ ਦੇ ਕੇਂਦਰ ਵਿਚ ਹੀ ਹੋਣੀ ਚਾਹੀਦੀ ਹੈ। ਪੰਜਾਬ ਦੀ ਰਾਜਧਾਨੀ ਵੀ ਲੁਧਿਆਣਾ ਹੀ ਠੀਕ ਜਾਪਦੀ ਹੈ । ਚੌਥਾ ਆਰਥਿਕ ਪੱਖੋਂ ਵੀ ਇਸ ਸ਼ਹਿਰ ਦਾ ਪੰਜਾਬ ਨੂੰ ਦਿੱਤੇ ਜਾਣਾ ਆਮ ਆਦਮੀ ਲਈ ਘਾਟੇਵੰਦ ਹੈ । ਚੰਡੀਗੜ੍ਹ ਪੰਜਾਬ ਨੂੰ ਦੇਣ ਨਾਲ ਹਰਿਆਣੇ ਨੂੰ ਅਰਬਾਂ ਰੁਪਏ ਰਾਜਧਾਨੀ ਬਣਾਉਣ ਲਈ ਦਿੱਤੇ ਜਾਣਗੇ । ਜਿਹੜੇ ਮਿਹਨਤੀ ਲੋਕਾਂ ਤੋਂ (ਪੰਜਾਬ; ਹਰਿਆਣੇ ਅਤੇ ਹੋਰ ਸਾਰੇ ਦੇਸ਼ ਦੇ ਲੋਕਾਂ ਤੋਂ) ਹੀ ਟੈਕਸ ਦੇ ਰੂਪ ਵਿਚ ਉਗਰਾਹੇ ਜਾਣਗੇ । ਸੋ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਣਾ ਮਿਹਨਤੀ ਲੋਕਾਂ ਲਈ ਤਾਂ ਘਾਟਾ ਹੀ ਘਾਟਾ ਹੈ । (ਬਸ਼ਰਤੇ ਕਿ ਅਸੀਂ ਖੇਤਰੀ ਭਾਵਨਾਵਾਂ ਤੋਂ ਉੱਪਰ ਉੱਠ ਕੇ ਜਮਾਤੀ ਦ੍ਰਿਸ਼ਟੀਕੋਣ ਤੋਂ ਦੇਖੀਏ।)

ਇਸਦੇ ਨਾਲ ਹੀ ਹਿੰਦੀ ਬੋਲਦੇ ਇਲਾਕਿਆਂ ਦਾ ਹਰਿਆਣੇ ਨੂੰ ਦਿੱਤੇ ਜਾਣਾ ਸੀ । ਇਸ ਕੰਮ ਲਈ ਮੈਥਿਊ ਕਮਿਸ਼ਨ ਬਿਠਾਇਆ ਗਿਆ । ਇਹ ਕਮਿਸ਼ਨ ਸਾਡੇ ਲੋਕਾਂ ਤੇ ਕਰੋੜਾਂ ਰੁਪਏ ਖਰਚ ਪਾ ਕੇ ਬਿਨਾਂ ਕੁਝ ਕਿਸੇ ਨੂੰ ਦਿੱਤੇ ਅਤੇ ਬਿਨਾਂ ਕਿਸੇ ਤੋਂ ਕੁਝ ਲਏ ਆਪਣਾ ਕੰਮ ਪੂਰਾ ਕਰ ਚੁਕਾ ਹੈ । ਇਸ ਕੰਮ ਲਈ ਇਕ ਹੋਰ ਕਮਿਸ਼ਨ ਬਿਠਾਇਆ ਜਾਵੇਗਾ । ਅਤੇ ਮਿਹਨਤੀ ਲੋਕਾਂ ਦੀ ਕਮਾਈ ਵਿਚੋਂ ਲੁੱਟੇ ਕਰੋੜਾਂ ਰੁਪਏ ਫਿਰ ਖਰਚੇ ਜਾਣਗੇ । ਦੇਣਾ ਲੈਣਾ ਫੇਰ ਕੁਝ ਨਹੀਂ ਤੇ ਪਰਨਾਲਾ ਉੱਥੇ ਦਾ ਉੱਥੇ ਹੀ ਰਹਿ ਗਿਆ । ਪ੍ਰਾਪਤੀ ਹਾਕਮਾਂ ਲਈ ਹੋਵੇਗੀ । ਪਰ ਪੰਜਾਬ ਅਤੇ ਹਰਿਆਣਾ ਦੇ ਲੋਕ ਇਕ ਦੂਜੇ ਨੂੰ ਦੁਸ਼ਮਣ ਸਮਝਣ ਲੱਗ ਪੈਣਗੇ । ਕੰਦੂਖੇੜਾ ਪੰਜਾਬ ਵਿਚ ਰਹਿੰਦਾ ਹੈ ਜਾਂ ਹਰਿਆਣੇ ਵਿਚ ਜਾਂਦਾ ਹੈ, ਇਸ ਨਾਲ ਉਸ ਪਿੰਡ ਦੇ ਮਿਹਨਤੀ ਲੋਕਾਂ ਨੂੰ ਕੀ ਫ਼ਰਕ ਪਵੇਗਾ ? ਉਸ ਪਿੰਡ ਦੇ ਲੋਕਾਂ ਦੀ ਕਣਕ (ਜੇ ਕਿਸੇ ਕੋਲ ਵੇਚਣ ਨੂੰ ਹੈ) ਤਾਂ ਸਿਰਫ਼ 5 ਰੁਪਏ ਮਹਿੰਗੇ ਭਾਅ ਜਾਣੀ ਕਿ 162 ਰੁਪਏ ਪ੍ਰਤੀ ਕਵਿੰਟਲ ਹੀ ਖਰੀਦੀ ਜਾਵੇਗੀ । ਪਰ ਦੋਹਾਂ ਸਰਕਾਰਾਂ ਦੇ ਸੂਬਿਆਂ ਵਿਚ ਹੀ ਖਾਦ ਉਨ੍ਹਾਂ ਨੂੰ 20 ਰੁਪਏ ਪ੍ਰਤੀ ਕੁਵਿੰਟਲ ਮਹਿੰਗੀ ਮਿਲਣੀ ਹੈ । ਇਸੇ ਤਰ੍ਹਾਂ ਫਿਰੋਜ਼ਪੁਰ ਦੇ 83 ਪਿੰਡ ਹਰਿਆਣੇ ਵਿਚ ਜਾਣ ਜਾਂ ਪੰਜਾਬ ਵਿਚ ਰਹਿਣ ਨਾਲ ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਵੀ ਇਹ ਹੀ ਇਨਾਮ ਮਿਲੇਗਾ । ਪਰ ਹਾਕਮਾਂ ਨੇ ਇਹਨਾਂ ਮਿਹਨਤੀ ਲੋਕਾਂ ਨੂੰ ਇਕ ਦੂਜੇ ਦੇ ਖਿਲਾਫ਼ ਇੰਝ ਖੜਾ ਕਰ ਦਿੱਤਾ ਹੈ ਜਿਵੇਂ ਇਹ ਉਹਨਾਂ ਦੀ ਜ਼ਿੰਦਗੀ-ਮੌਤ ਦੀ ਲੜਾਈ ਹੋਵੇ । ਇਸ ਮਸਲੇ ਵਿਚ ਤਾਂ ਉੱਥੋਂ ਦੇ ਲੋਕਾਂ ਲਈ ਇਹ ਹੀ ਫੈਸਲਾ ਹੋਵੇਗਾ ਕਿ ਉਹਨਾਂ ਤੇ ਹਾਕਮ ਜਮਾਤ ਜਬਰ ਹਰਿਆਣੇ ਦੀ ਸਰਕਾਰ ਦੇ ਰੂਪ

ਵਿਚ ਕਰੇਗੀ ਕਿ ਪੰਜਾਬ ਦੀ "ਪੰਥਕ ਸਰਕਾਰ" ਦੇ ਰੂਪ ਵਿਚ। ਇਸ ਤੋਂ ਵੱਧ ਹੋਰ ਕੁਝ ਨਹੀਂ।

ਦਰਿਆਈ ਪਾਣੀਆਂ ਦੇ ਮਾਮਲੇ ਵਿਚ ਵੀ ਸਾਨੂੰ ਇਹ ਪਹੁੰਚ ਅਪਣਾਉਣੀ ਚਾਹੀਦੀ ਹੈ ਕਿ ਜੇ ਸਾਡਾ ਇਕ-ਇਕਾਈ ਹਿੱਤ ਕੁਰਬਾਨ ਕਰਨ ਨਾਲ ਸਾਡੇ ਭਰਾ ਨੂੰ ਪੰਜ ਇਕਾਈਆਂ ਦੇ ਬਰਾਬਰ ਫਾਇਦਾ ਹੁੰਦਾ ਹੋਵੇ ਤਾਂ ਸਾਨੂੰ ਆਪਣਾ ਇਕ ਇਕਾਈ ਹਿੱਤ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਐਵੇਂ ਬਹੁਤੇ ਕਾਨੂੰਨੀ ਬਣ ਕੇ ਸਿਰ ਨਹੀਂ ਅੜਾਉਣਾ ਚਾਹੀਦਾ। ਬੁਰਜੂਆ ਕਾਨੂੰਨ ਆਪਣੇ-ਆਪ ਵਿਚ ਹੀ ਬੁਰਜੂਆ ਜੱਜ ਕ੍ਰਿਸ਼ਨ ਆਇਰ ਦੇ ਕਹਿਣ ਦੇ ਮੁਤਾਬਿਕ "ਕਨੂੰਨ ਆਮ ਲੋਕਾਂ ਦੇ ਖਿਲਾਫ ਇੱਕ ਸਾਜ਼ਿਸ਼ ਹੈ।" ਇਸ ਸੱਚਾਈ ਨੂੰ ਸਮਝਣਾ ਚਾਹੀਦਾ ਹੈ।

ਬੰਬੀਹਾ ਸਾਹਿਬ ਨੇ ਫਰਵਰੀ ਦੇ ਸਮਤਾ ਵਿੱਚ ਸ੍ਰੀ ਮਾਨ ਸੁੰਦਰੀਆ ਦੇ ਅਸੈਂਬਲੀ ਵਿਚ ਬਿਆਨ ਦਾ ਵੇਰਵਾ ਦੇ ਕੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬ ਦੇ ਦਰਿਆਵਾਂ ਦਾ ਪਾਣੀ ਹੋਰ ਰਾਜਾਂ ਨੂੰ ਦਿੱਤਾ ਜਾਣਾ ਘੋਰ ਅਨਿਆਂ ਹੈ। ਬੰਬੀਹਾ ਸਾਹਿਬ, ਇੱਕ ਸਮੇਂ ਦੇ ਸਥਾਪਿਤ ਲੀਡਰਾਂ ਦੀ ਪਹੁੰਚ ਜ਼ਰੂਰੀ ਨਹੀਂ ਕਿ ਹਰ ਸਮੇਂ ਠੀਕ ਹੀ ਹੋਵੇ। ਸੁੰਦਰੀਆ ਦੀ ਦਰਿਆਈ ਪਾਣੀਆਂ ਸਬੰਧੀ ਪਹੁੰਚ ਸਰਾਸਰ ਗਲਤ ਹੈ।

ਇੱਥੇ ਮੈਂ ਇੱਕ ਉਦਾਹਰਣ ਦੇਵਾਂਗਾ ਕਿ ਇਕ ਮਹਾਨ ਵਿਗਿਆਨੀ ਅਰਸਤੂ ਦਾ ਇਹ ਕਥਨ ਸੀ ਕਿ ਇੱਕੋ ਉਚਾਈ ਤੋਂ ਜੇ ਇੱਕੋ ਪਦਾਰਥ ਦੀਆਂ ਵੱਖ-2 ਪੁੰਜਾਂ ਵਾਲੀਆਂ ਵਸਤਾਂ ਇੱਕੋ ਸਮੇਂ ਛੱਡੀਆਂ ਜਾਣ ਤਾਂ ਭਾਰੀ ਵਸਤੂ ਹਲਕੀ ਤੋਂ ਪਹਿਲਾਂ ਧਰਤੀ ਤੇ ਡਿੱਗ ਪਵੇਗੀ। ਪਰ ਮਹਾਨ ਵਿਗਿਆਨੀ ਗੈਲੀਲੀਓ ਨੇ ਅਰਸਤੂ ਦੇ ਇਸ ਕਥਨ ਨੂੰ ਗਲਤ ਕਿਹਾ ਅਤੇ ਸਾਬਤ ਕੀਤਾ ਸੀ। ਉਸ ਸਮੇਂ ਵਿਚ ਗਲੈਲੀਓ ਨੂੰ ਲੋਕ ਮਜ਼ਾਕ ਕਰਦੇ ਸਨ ਅਤੇ ਉਸਦੇ ਕਥਨ ਤੇ ਹੱਸਦੇ ਸਨ। ਪਰ ਸਮੇਂ ਅਤੇ ਤਜਰਬੇ ਨੇ ਗਲੈਲੀਓ ਦੇ ਕਥਨ ਦੀ ਪੁਸ਼ਟੀ ਕੀਤੀ ਅਤੇ ਅੱਜ ਗਲੈਲੀਓ ਦਾ ਕਥਨ ਹੀ ਸੱਚ ਸਾਬਤ ਹੋਇਆ ਹੈ। ਸੋ ਹਰ ਗੱਲ ਤੇ ਇਹ ਜ਼ਰੂਰੀ ਨਹੀਂ ਕਿ ਸੁੰਦਰੀਆ ਠੀਕ ਪਹੁੰਚ ਅਪਣਾਵੇ।

ਜੇ ਬੰਬੀਹਾ ਸਾਹਿਬ ਦੇ ਬੁਰਜੂਆ ਨਿਯਮ (ਜਿਸ ਸੂਬੇ ਵਿਚੋਂ ਦਰਿਆ ਲੰਘਦੇ ਹੋਣ ਉਨ੍ਹਾਂ ਦਰਿਆਵਾਂ ਤੇ ਉਸ ਸੂਬੇ ਦਾ ਹੱਕ ਹੁੰਦਾ ਹੈ) ਨੂੰ ਮੰਨ ਲਿਆ ਜਾਵੇ ਤਾਂ ਵੀ ਪੰਜਾਬ ਵਿੱਚੋਂ ਲੰਘ ਰਹੇ ਦਰਿਆਵਾਂ ਤੇ ਪੂਰਾ ਹੱਕ ਨਹੀਂ ਬਣਦਾ। ਤਾਂ ਵੀ ਮੁੱਖ ਹੱਕ ਉਨਾਂ ਸੂਬਿਆਂ ਜਾਂ ਦੇਸ਼ਾਂ ਦਾ ਹੋਣਾ ਚਾਹੀਦਾ ਹੈ ਜਿੱਥੋਂ ਇਹ ਦਰਿਆ ਜਨਮ ਲੈਂਦੇ ਹਨ, ਉਸ ਸੂਬੇ ਦਾ ਹੱਕ ਹੋਣਾ ਚਾਹੀਦਾ ਹੈ ਇਹਨਾਂ ਦਰਿਆਵਾਂ ਤੇ। ਇਹਨਾਂ ਦਰਿਆਵਾਂ ਦਾ ਸਾਰਾ ਪਾਣੀ ਹਿਮਾਚਲ ਦੀ ਬਰਫ ਢਲ ਕੇ ਹੀ ਆਉਂਦਾ ਹੈ। ਉਂਝ ਬਰਫ ਸਮੁੰਦਰ ਦੇ ਪਾਣੀ ਦੇ ਵਾਸ਼ਪਾਂ ਤੋਂ ਬਣਦੀ ਹੈ। ਸੋ ਹੱਕ ਸਾਰੀ ਮਨੁੱਖਤਾ ਦਾ ਹੈ। ਸਤਲੁਜ ਤਿੱਬਤ ਵਿੱਚੋਂ ਜਨਮ ਲੈਂਦਾ ਹੈ। ਬੰਬੀਹਾ ਸਾਹਿਬ ਦੇ ਤਰਕ ਅਨੁਸਾਰ ਤਾਂ ਇਸਦੇ ਪਾਣੀ ਤੇ ਤਿੱਬਤ ਵਾਲਿਆਂ ਦਾ ਹੱਕ ਹੋਣਾ ਚਾਹੀਦਾ ਹੈ। ਸੋ ਜਿਸ ਸੂਬੇ ਵਿਚੋਂ ਦਰਿਆ ਲੰਘਦੇ ਹਨ ਉਹ ਹੀ ਮਾਲਿਕ ਹੋਣ ਵਾਲੀ ਗੱਲ ਲੋਕ-ਪੱਖੀ ਨਹੀਂ। ਪੰਜਾਬ ਵਿਚ ਟਿਊਬਵੈੱਲ ਸਸਤੇ ਲੱਗ ਸਕਦੇ, ਪਰ ਰਾਜਸਥਾਨ ਵਿਚ ਪਾਣੀ ਡੂੰਘਾ ਹੋਣ ਕਰਕੇ ਟਿਊਬਵੈੱਲ ਮਹਿੰਗੇ ਲੱਗਦੇ ਹਨ। ਉਥੇ ਮੀਂਹ ਵੀ ਘੱਟ ਹੁੰਦਾ ਹੈ। ਸੋ ਰਾਜਸਥਾਨ ਦੇ ਕਿਸਾਨਾਂ ਨੂੰ ਪੰਜਾਬ ਦੇ ਦਰਿਆਵਾਂ ਵਿੱਚੋਂ ਜੇ ਵੱਧ ਪਾਣੀ ਮਿਲਦਾ ਹੈ ਤਾਂ ਕੋਈ ਮਾੜੀ ਗੱਲ ਨਹੀਂ।

ਹਾਕਮ ਜਮਾਤਾਂ ਨੇ ਤਾਂ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਦੀਆਂ ਸਾਜ਼ਸ਼ਾਂ ਰਚਣੀਆਂ ਹੀ ਹਨ। ਜਿਨ੍ਹਾਂ ਲੋਕਾਂ (ਕਮਿਊਨਿਸਟਾਂ) ਨੇ ਲੋਕਾਂ ਨੂੰ ਇਹਨਾਂ ਸਾਜ਼ਿਸ਼ਾਂ ਤੋਂ ਸੁਚੇਤ ਕਰਨਾ ਹੈ, ਉਹ ਖੁਦ ਇਹਨਾਂ ਸਾਜ਼ਿਸ਼ਾਂ ਦੇ ਸ਼ਿਕਾਰ ਹਨ। ਕਮਿਊਨਿਸਟ ਇਨਕਲਾਬੀਆਂ ਦੀਆਂ ਵੱਖਰੀਆਂ-2 ਵੰਨਗੀਆਂ ਵੀ ਇਹਨਾਂ ਸਾਜ਼ਿਸ਼ਾਂ ਦਾ ਸ਼ਿਕਾਰ ਹਨ। ਇਹਨਾਂ ਵੰਨਗੀਆਂ ਵਿਚੋਂ ਇਕ ਵੰਨਗੀ ਇਹਨਾਂ ਹੀ ਮੰਗਾਂ ਤੇ ਅਕਾਲੀ ਦਲ ਜਿਹੀ ਫਿਰਕੂ ਪਾਰਟੀ ਨਾਲ ਸਾਂਝੀਆਂ ਸਰਗਰਮੀਆਂ ਦੀਆਂ ਸੰਭਾਵਨਾਵਾਂ ਲੱਭ ਕੇ 'ਮਾਰਕਸਵਾਦ ਵਿਚ ਵਾਧਾ' ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਕ ਹੋਰ ਵੰਨਗੀ ਸਿੱਖ-ਸਟੂਡੈਂਟ ਫੈਡਰੇਸ਼ਨ ਵਲੋਂ ਪੰਜਾਬ ਵਿਚ ਝੁਲਾਈ ਜਾ ਰਹੀ ਫਿਰਕੂ ਹਨੇਰੀ ਨੂੰ ਕੌਮੀ-ਮੁਕਤੀ ਘੋਲ ਦੀ ਸੰਗਿਆ ਦੇਣ ਦਾ ਕੁਕਰਮ ਕਰ ਰਹੀ ਹੈ। ਇਕ ਹੋਰ ਵੰਨਗੀ ਇਸ ਫਿਰਕੂ ਹਨੇਰੀ ਨੂੰ ਛੋਟੀ ਸਰਮਾਏਦਾਰੀ ਦੀ ਅਜਾਰੇਦਾਰ ਸਰਮਾਏਦਾਰੀ ਖਿਲਾਫ ਲੜਾਈ ਦੱਸ ਰਹੀ ਹੈ।

ਇਕ ਹੋਰ ਕਮਿਊਨਿਸਟ ਇਨਕਲਾਬੀਆਂ ਦੀ ਵੰਨਗੀ ਜਿਹੜੀ ਉਪਰੋਕਤ ਪਹੁੰਚਾਂ ਤੋਂ ਬਗੈਰ ਹੈ। ਪਰ ਉਹ ਹਿੰਦੋਸਤਾਨ ਵਿਚ ਹਰ ਘਟਨਾ ਪਿੱਛੇ C I A ਅਤੇ K G B ਦਾ ਆਗੂ ਰੋਲ ਅਦਾ ਕਰ ਰਹੀ ਹੈ। ਉਹਨਾਂ ਨੂੰ ਸਵੇਰੇ ਸੂਰਜ ਦਿਖਾਈ ਦੇਣਾ ਅਤੇ ਸ਼ਾਮ ਨੂੰ ਦਿਖਾਈ ਦੇਣਾ ਬੰਦ ਹੋਣ ਵਿਚ C I A ਜਾਂ K G B ਦਾ ਰੋਲ ਲਗਦਾ ਹੈ। ਸੂਰਜ ਗ੍ਰਹਿਣ ਲਗਦਾ ਹੈ ਤਾਂ K G B ਜਾਂ C I A ਕਰਕੇ, ਚੰਦ ਗ੍ਰਹਿਣ ਲੱਗ ਰਿਹਾ ਹੈ ਤਾਂ K G B ਜਾਂ C I A ਕਰਕੇ। ਉਹ ਹਿੰਦੁਸਤਾਨ ਵਿਚ ਇਥੋਂ ਦੀਆਂ ਮਕਾਮੀ ਜਮਾਤਾਂ ਦੀ ਕੋਈ ਹੋਂਦ ਅਤੇ ਉਨ੍ਹਾਂ ਦੇ ਮਕਾਮੀ ਹਿੱਤ ਹੀ ਨਹੀਂ ਸਮਝਦੇ। ਇਹ

ਹਿੰਦੁਸਤਾਨ ਨੂੰ ਬਸਤੀ ਦੇ ਤੌਰ ਤੇ ਪੇਸ਼ ਕਰ ਰਹੇ ਹਨ।

ਇਹ ਠੀਕ ਹੈ ਕਿ ਹਿੰਦੁਸਤਾਨ ਵਿਚ ਦਖਲ ਕਰਕੇ ਗੜਬੜ ਕਰਾਉਣ ਦਾ C I A ਕੋਈ ਵੀ ਮੌਕਾ ਨਹੀਂ ਗਵਾਉਂਦੀ। ਐਸ ਸਮੇਂ ਇਸ ਏਜੰਸੀ ਦੀ ਪੂਰੀ ਕੋਸ਼ਿਸ਼ ਹੈ ਕਿ ਪੰਜਾਬ ਵਿੱਚ ਖਾਲਿਸਤਾਨ ਦੀ ਸਥਾਪਤੀ ਕਰਕੇ ਅਸਰਾਈਲ ਜਿਹੀ ਕਠਪੁਤਲੀ ਬਣਾਈ ਜਾਵੇ। ਅਜਿਹਾ ਕਰਨ ਲਈ ਪੰਜਾਬ ਵਿਚ ਫਿਰਕੂ ਖਿਚਾਅ ਵਧਾਉਣ ਲਈ ਉਸਦੀ ਅਣਸਰਦੀ ਲੋੜ ਹੈ। ਪਰ ਇਕ ਪਾਸੇ ਇਹ ਸੱਜਣ ਕਾਂਗਰਸ ਸਰਕਾਰ ਨੂੰ ਰੂਸ ਪੱਖੀ ਦੱਸਦੇ ਹਨ। ਜਿਸਦੇ ਹਿੱਤ ਪੰਜਾਬ ਵਿੱਚ ਫਿਰਕੂ ਖਿਚਾਅ ਘਟਾ ਕੇ ਖਾਲਿਸਤਾਨ ਬਣਨ ਦੀਆਂ ਸੰਭਾਵਨਾਵਾਂ ਘਟਾਉਣ ਵਿਚ ਹਨ। ਦੂਜੇ ਪਾਸੇ ਨਵੰਬਰ, 1984 ਵਿਚ ਦਿੱਲੀ ਵਿਚ ਹੋਈ ਸਿੱਖਾਂ ਵਿਰੋਧੀ ਦੰਗਿਆਂ ਵਿਚ ਕਾਂਗਰਸ ਸਰਕਾਰ ਦੀ ਸ਼ਮੂਲੀਅਤ ਨੰਗੀ ਕੀਤੀ ਗਈ ਹੈ। ਇਹ ਸ਼ਮੂਲੀਅਤ ਹੋਰ ਸਾਧਨਾਂ ਤੋਂ ਵੀ ਸਪੱਸ਼ਟ ਹੋ ਚੁਕੀ ਹੈ। ਇਨ੍ਹਾਂ ਦੰਗਿਆਂ ਨਾਲ ਪੰਜਾਬ ਵਿਚ ਫਿਰਕੂ ਖਿਚਾਅ ਵਧਿਆ ਹੈ, ਜਿਹੜਾ C I A ਦੀ ਖਾਲਿਸਤਾਨ ਨੀਤੀ ਨੂੰ ਸਫਲ ਬਣਾਉਂਦਾ ਹੈ। ਫਿਰ ਕਾਂਗਰਸ ਸਰਕਾਰ ਜਿਹੜੀ ਰੂਸ ਪੱਖੀ ਹੈ, ਨੇ C I A ਦੀ ਨੀਤੀ ਨੂੰ ਸਫਲ ਬਣਾਉਣ ਵਾਲੇ ਦੰਗੇ ਕਿਉਂ ਕਰਵਾਏ ਜਾਂ ਹੋਣ ਦਿੱਤੇ? ਇਹ ਇਹਨਾਂ ਸਾਥੀਆਂ ਦੀ ਆਪਾ ਵਿਰੋਧੀ ਪਹੁੰਚ ਨਹੀਂ ਤਾਂ ਹੋਰ ਕੀ ਹੈ?

ਸੋ ਉਪਰੋਕਤ ਨੁਕਤੇ ਉਠਾ ਕੇ ਸਾਰੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਤੋਂ ਸਹੀ ਪਹੁੰਚ ਅਪਣਾ ਕੇ ਇਕੱਠੇ ਹੋਣ ਦੀ ਆਸ ਕਰਦਾ ਹਾਂ। o

---

## ਪੁਸਤਕ ਪਹਿਚਾਣ : ਸੋਸ਼ਲਿਸਟ ਸਾਹਿਤ ਦੀਆਂ ਸਮਸਿਆਵਾਂ / ਗੁਰਸ਼ਰਨ ਸਿੰਘ

ਸੰਸਾਰ ਸਾਹਿਤ ਦੇ ਇਤਿਹਾਸ ਵਿਚ ਸਮਾਜਵਾਦੀ ਸਾਹਿਤ ਇਕ ਵਿਸ਼ੇਸ਼ ਥਾਂ ਰਖਦਾ ਹੈ। ਇਸ ਦਾ ਬਾਕਾਇਦਾ ਆਗਮਨ 19 ਵੀਂ ਸਦੀ ਵਿਚ ਹੋਇਆ। ਯੋਰਪ ਵਿਚ ਸਨਅਤੀਕਰੇਨ ਨੇ ਪ੍ਰੋਲਤਾਰੀ ਜਮਾਤ ਨੂੰ ਜਨਮ ਦਿਤਾ। ਜਮਾਤੀ ਸੂਝ ਦੀ ਗੱਲ ਹੋਈ, ਜਿਸਦਾ ਅੱਕਸ ਸਾਹਿਤ ਵਿਚ ਆਉਣਾ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਵੀ ਦੱਬੇ ਕੁੱਚਲੇ ਲੋਕਾਂ ਦੇ ਹੱਕ ਦੀ ਗੱਲ ਸਾਹਿਤ ਵਿਚ ਹੁੰਦੀ ਰਹੀ ਹੈ, ਪਰ ਇਹ ਨਿਰੋਲ ਮਾਨਵਵਾਦੀ ਦ੍ਰਿਸ਼ਟੀ ਤੋਂ ਹੀ ਹੁੰਦੀ ਸੀ ਤੇ ਇਸ ਮਾਨਵਵਾਦੀ ਸਾਹਿਤ ਦਾ ਆਪਣਾ ਇਕ ਲੰਮਾ ਇਤਿਹਾਸ ਹੈ, ਪਰ ਸਮਾਜਵਾਦੀ ਸਾਹਿਤ ਮਾਨਵਵਾਦੀ ਸਾਹਿਤ ਤੋਂ ਇਸ ਗੱਲੋਂ ਅੱਗੇ ਹੈ ਕਿ ਇਸ ਵਿਚ ਜਿਥੇ ਦੱਬੇ ਕੁਚਲੇ ਲੋਕਾਂ ਦੇ ਹੱਕ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਵਿਚ ਭਵਿੱਖ ਨੂੰ ਬਦਲਣ ਦਾ ਸੱਦਾ ਹੈ ਅਤੇ ਇਕ ਐਸਾ ਸਮਾਜ ਬਨਾਉਣ ਦੀ ਪ੍ਰੇਰਨਾ ਹੈ ਜਿਥੇ ਸਮਾਜਕ ਨਿਆਂ ਹਰ ਇਕ ਨੂੰ ਮਿਲ ਸਕੇ। ਸਮਾਜਵਾਦੀ ਸਾਹਿਤ ਦਾ ਪਹਿਲੇ ਪਹਿਲ ਪ੍ਰਗਟਾਵਾ ਨਿਰੋਲ ਪ੍ਰੋਲੇਤਾਰੀ ਸਾਹਿਤ ਵਿਚ ਹੋਇਆ, ਜਿਸ ਵਿਚ ਉੱਚੀ ਸੁਰ ਵਿਚ ਇਹ ਗੱਲ ਕੀਤੀ ਗਈ ਕਿ ਦੁਨੀਆਂ ਵਿਚ ਜੋ ਚੀਜ਼ ਵੀ ਖੜੀ ਹੈ ਉਹ ਮਿਹਨਤਕਸ਼ ਲੋਕਾਂ ਦੀ ਦੇਣ ਹੈ, ਪਰ ਇਹਦਾ ਕਬਜ਼ਾ ਉਸ ਵਰਗ ਕੋਲ ਹੈ ਜੋ ਆਪਣੇ ਹੱਥ ਨਾਲ ਕੁਝ ਨਹੀਂ ਕਰਦਾ ਤੇ ਦੂਜਿਆਂ ਦੀ ਮੇਹਨਤ ਤੇ ਅਯਾਸ਼ੀ ਕਰਦਾ ਹੈ, ਅਗਲਾ ਪੜਾਅ ਸਮਾਜਵਾਦੀ ਯਥਾਰਥ ਦੇ ਸਾਹਿਤ ਦਾ ਹੈ, ਜਿਸ ਵਿਚ ਸਮਾਜ ਦੀਆਂ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਸਮਾਜ ਨੂੰ ਮੇਹਨਤਕਸ਼ ਵਰਗ ਦੇ ਹੱਕ ਵਿਚ ਬਦਲਣ ਦੀ ਪ੍ਰੇਰਨਾ ਹੈ। ਪੈਦਾਵਾਰੀ ਸਾਧਨਾਂ ਦੀ ਤਰੱਕੀ ਨਾਲ ਸਮਾਜਕ ਪ੍ਰਸਥਿਤੀਆਂ ਵਿਚ ਤਬਦੀਲੀਆਂ ਆਈਆਂ ਤੇ ਸਮਾਜਕ ਯਥਾਰਥ ਬਦਲਿਆ; ਇਹਦੇ ਨਾਲ ਹੀ ਸਮਾਜਵਾਦੀ ਯਥਾਰਥ ਦੇ ਸਾਹਿਤ ਦੇ ਰੂਪਾਂ ਅਤੇ ਵਿਸ਼ਿਆਂ ਵਿਚ ਤਬਦੀਲੀ ਆਈ। ਸਮਾਜਵਾਦੀ ਸਾਹਿਤ ਦੇ ਇਹਨਾਂ ਪੜਾਵਾਂ ਦੀ ਸਮਝ ਅਤੇ ਇਹਦੇ ਇਤਿਹਾਸ ਦੀ ਠੀਕ ਜਾਣਕਾਰੀ ਅੱਜ ਦੇ ਸਮਾਜਵਾਦੀ ਸਾਹਿਤ ਦੀਆਂ ਸਮੱਸਿਆਵਾਂ ਨੂੰ ਸਮਝਣ ਵਿਚ ਬੜੀ ਲਾਹੇਵੰਦ ਸਾਬਤ ਹੋ ਸਕਦੀ ਹੈ। ਇਹ ਨਿਸ਼ਾਨੇ ਨਾਲ ਲਿਖੀ ਹੋਈ ਇਕ ਚੰਗੀ ਕਿਤਾਬ ਪੜ੍ਹਣ ਦਾ ਮੈਨੂੰ ਮੌਕਾ ਮਿਲਿਆ ਹੈ। ਇਹ ਕਿਤਾਬ **ਦਮਿਤਰੀ ਮਾਰਕੋਵ** ਦੀ ਲਿਖੀ ਹੋਈ ਹੈ, ਇਹਦਾ ਨਾਂ **Socialist Literatures, Problems Of Development** ਹੈ ਇਸ ਦਾ **'ਸੋਸ਼ਲਿਸਟ ਸਾਹਿਤ : ਵਿਗਾਸ ਦੀਆਂ ਸਮਸਿਆਵਾਂ'** ਤੇਰਾ ਸਿੰਘ ਚੰਨ ਨੇ ਕੀਤਾ ਹੈ। 258 ਸਫ਼ਿਆਂ ਦੀ 9/- ਮੁਲ ਦੀ ਇਹ ਕਿਤਾਬ ਪੰਜਾਬ ਬੁਕ ਸੈਂਟਰ, ਐਸ. ਸੀ. ਓ 1126-1127, ਸੈਕਟਰ 22-ਬੀ, ਚੰਡੀਗੜ, ਵਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਪ੍ਰੋਲੇਤਾਰੀਆਂ ਦਾ ਮੁਕਤੀ ਅੰਦੋਲਨ ਜੋ 19ਵੀਂ ਸਦੀ ਵਿਚ ਆਰੰਭ ਹੋਇਆ, ਸੰਸਾਰ ਇਤਿਹਾਸ ਵਿਚ ਇਕ ਨਵਾਂ ਸਮਾਜਕ ਵਰਤਾਰਾ ਸੀ। ਵੱਖ ਵੱਖ ਦੇਸ਼ਾਂ ਵਿਚ ਸੋਸ਼ਲਿਸਟ ਵਿਚਾਰਾਂ ਦੇ ਆਧਾਰ ਨੇ ਸਭਿਆਚਾਰਕ ਜੀਵਨ ਦੇ ਸਾਰੇ ਪੱਖਾਂ ਉਤੇ ਅਪਣਾ ਪ੍ਰਭਾਵ ਪਾਇਆ। ਸੋਸ਼ਲਿਸਟ ਡੈਮੋਕਰੇਟਿਕ ਪਾਰਟੀਆਂ ਅਤੇ ਸੋਸ਼ਲਿਸਟ ਪ੍ਰੈਸ ਹੋਂਦ ਵਿਚ ਆ ਗਏ। ਇਹ ਪਛੋਕੜ ਸੀ, ਜਿਸ

ਵਿਚ ਪ੍ਰੋਲੇਤਾਰੀ–ਸਾਹਿਤ ਉਗਮਿਆ । ਮਿਸਾਲਾਂ ਮਿਲਦੀਆਂ ਹਨ ਜਦੋਂ ਪ੍ਰੋਲੇਤਾਰੀ ਦੀ ਅੰਤਮ ਜਿਤ ਲਈ ਲਹੂ ਵਿਚ ਉਂਗਲਾਂ ਡਬੋਕੇ ਗੀਤ ਲਿਖੇ ਗਏ ਜਾਂ ਸੰਘਰਸ਼ ਵਿਚ ਪਏ ਲੋਕਾਂ ਦੀ ਜਿਤ ਦੇ ਗੀਤ ਲਿਖੇ ਗਏ ਅਤੇ ਗਾਏ ਗਏ। ਯੂਜੀਨ ਪੋਤੀਓ ਦਾ 'ਇੰਟਰਨੈਸ਼–ਨਲ' ਇਸ ਦੀ ਇਕ ਮਿਸਾਲ ਹੈ। ਇਹੋ ਪ੍ਰੋਲੇਤਾਰੀ ਸਾਹਿਤ ਸੋਸ਼ਲਿਸ਼ਟ ਸਾਹਿਤ ਦੀ ਪਹਿਲੀ ਕੜੀ ਕਿਹਾ ਜਾ ਸਕਦਾ ਹੈ, ਜਿਸਦੀ ਅਗਲੀ ਕੜੀ ਵਿਚ ਉਹ ਸਾਹਿਤ ਆਂਦਾ ਹੈ ਜੋ ਸਮਾਜਵਾਦੀ ਯਥਾਰਥ ਦੇ ਸਿਧਾਂਤ ਥਲੇ ਲਿਖਿਆ ਗਿਆ। ਪ੍ਰੋਲੇਤਾਰੀ ਸਾਹਿਤ ਦੇ ਦੌਰ ਵਿਚ ਨਿਰੋਲ ਮਾਨਵਵਾਦੀ ਸਾਹਿਤ ਵੀ ਲਿਖਿਆ ਜਾ ਰਿਹਾ ਸੀ, ਪਰ ਉਸ ਸਾਹਿਤ ਵਿਚ ਜਿਥੇ ਦੱਬੇ ਕੁੱਚਲੇ ਲੋਕਾਂ ਲਈ ਤਰਸ ਦੀ ਭਾਵਨਾ ਸੀ, (ਇਹ ਵੀ ਉਸ ਰੱਬ ਦੇ ਬਣਾਏ ਹੋਏ ਬੰਦੇ ਹਨ) ਉਥੇ ਪ੍ਰੋਲੇਤਾਰੀ ਸਾਹਿਤ ਵਿਚ ਇਹਨਾਂ ਲੋਕਾਂ ਦੀ ਅੰਤਮ ਜਿੱਤ ਦਾ ਵਿਸ਼ਵਾਸ ਸੀ। ਕਾਰਲ ਮਾਰਕਸ ਦਾ ਇਹ ਕਥਨ–ਫਿਲਾਸਫਰਾਂ ਨੇ ਵੱਖ ਵੱਖ ਢੰਗਾਂ ਨਾਲ ਸੰਸਾਰ ਦੀ ਕੇਵਲ **ਵਿਆਖਿਆ** ਕੀਤੀ ਹੈ, ਨੁਕਤਾ ਇਸਨੂੰ **ਤਬਦੀਲ** ਕਰਨ ਦਾ ਹੈ !– ਇਸ ਕਥਨ ਨੇ ਸੋਸ਼ਲਿਸਟ ਸਾਹਿਤ ਨੂੰ ਇਕ ਨਵੀਂ ਵਿਸ਼ਾਲਤਾ ਤੇ ਦਿਸ਼ਾ ਦਿਤੀ ਅਤੇ ਸੋਸ਼ਲਿਸਟ ਯਥਾਰਥ–ਵਾਦ ਨੇ ਜਨਮ ਲਿਆ। ਸੋਸ਼ਲਿਸਟ ਸਾਹਿਤਕਾਰ ਲਈ ਜ਼ਿੰਦਗੀ ਦਾ ਯਥਾਰਥ ਪਕੜਨਾ ਕਾਫੀ ਨਹੀਂ, ਸਗੋਂ ਇਸ ਯਥਾਰਥ ਦੀਆਂ ਜ਼ਿਮੇਵਾਰ ਸ਼ਕਤੀਆਂ ਦਾ ਵਿਸ਼ਲੇਸ਼ਣ ਕਰਨਾ ਤੇ ਇਸ ਯਥਾਰਥ ਨੂੰ ਪ੍ਰੋਲੇਤਾਰੀ ਜਮਾਤ ਦੇ ਹੱਕਾਂ ਵਿਚ ਬਦਲਣ ਦੀ ਸੇਧ ਦੇਣਾ ਉਹਦਾ ਫਰਜ਼ ਹੈ, ਬਾਲਜ਼ਾਕ, ਦੋਸਤੋਵਿਸਕੀ ਵਰਗੇ ਸਾਹਿਤਕਾਰਾਂ ਦੀ ਮਹਾਨਤਾ ਜਿਥੇ ਇਸ ਗਲ ਵਿਚ ਸੀ ਕਿ ਉਹਨਾਂ ਨੇ ਜ਼ਿੰਦਗੀ ਦੇ ਯਥਾਰਥ ਦਾ ਡੂੰਘਾ ਅਧਿਐਨ ਕੀਤਾ, ਉਥੇ ਇਹ ਭੂਮਿਕਾ ਗੋਰਕੀ ਵਰਗੇ ਸੋਸ਼ਲਿਸਟ ਸਾਹਿਤਕਾਰਾਂ ਦੇ ਜ਼ਿੰਮੇ ਆਈ ਕਿ ਉਹ ਇਸ ਯਥਾਰਥ ਨੂੰ ਸਮਾਜਕ ਪ੍ਰਸਥਿਤੀਆਂ ਨਾਲ ਜੋੜਦੇ ਹੋਏ ਇਸ ਯਥਾਰਥ ਨੂੰ ਬਦਲਣ ਅਤੇ ਨਵੀਂ ਜ਼ਿੰਦਗੀ ਲਈ ਪ੍ਰੇਰਨਾ ਦੇਣ। ਇਸੇ ਤਰ੍ਹਾਂ ਟਾਲਸਟਾਏ ਵਰਗੇ ਲੇਖਕ ਜਦੋਂ ਨਿਰੋਲ ਮਾਨਵਵਾਦੀ ਦ੍ਰਿਸ਼ਟੀ ਤੋਂ 'ਜੰਗ ਅਤੇ ਅਮਨ' ਅਤੇ 'ਇਕ ਆਦਮੀ ਨੂੰ ਕਿੰਨੀ ਭੋਂਇ ਲੋੜੀਂਦੀ ਹੈ' ਵਰਗੀਆਂ ਜਗਤ ਪ੍ਰਸਿਧ ਲਿਖਤਾਂ ਲਿਖ ਰਹੇ ਸਨ ਤਾਂ ਲੈਨਿਨ ਤੇ ਹੋਰ ਸੋਸ਼ਲਿਸਟ ਆਲੋਚਕਾਂ ਨੇ ਇਹਨਾਂ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਵੀ ਇਹਨ੍ਹਾਂ ਦੀ ਸਮਾਜਕ ਦੇਣ ਨੂੰ ਸਮੇਂ ਦੇ ਪ੍ਰਸੰਗ ਵਿਚ ਨਾਕਾਫੀ ਕਿਹਾ। ਉਂਝ ਬਾਲਜ਼ਾਕ, ਦੋਸਤੋਵਿਸਕੀ, ਟਾਲਸਟਾਏ ਆਦਿਕ ਕੋਲੋਂ ਉਸ ਵੇਲੇ ਸਮਾਜਕ ਦ੍ਰਿਸ਼ਟੀ ਵਲੋਂ ਇਸ ਤੋਂ ਵੱਧ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਸੀ। ਪ੍ਰੋਲੇਤਾਰੀ ਦੀ ਮੁੱਕਤੀ ਦੀ ਜੰਗ ਜਾਂ ਕਹਿ ਲਵੋ ਇਨਕਲਾਬ ਦੀ ਜੰਗ ਹਾਲੀਂ ਐਸੇ ਪੜਾਅ ਵਿਚ ਦਾਖਿਲ ਨਹੀਂ ਹੋਈ ਸੀ ਕਿ ਉਹ ਸਾਹਿਤਕਾਰਾਂ ਉਤੇ ਆਪਣੀ ਡੂੰਘੀ ਛਾਪ ਛੱਡ ਸਕਦੀ।

1917 ਦਾ ਰੂਸ ਦਾ ਇਨਕਲਾਬ, ਸੋਸ਼ਲਿਸਟ ਸਾਹਿਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਪੜਾਅ ਹੈ। ਪ੍ਰੋਲੇਤਾਰੀਆਂ ਦੀ ਪਹਿਲੀ ਸਟੇਟ ਬਣੀ। ਇਸ ਸਟੇਟ ਨੂੰ ਤਾਕਤ ਬਖਸ਼ਣ ਅਤੇ ਇਸਨੂੰ ਦੁਸ਼ਮਣਾਂ ਦੇ ਵਾਰ ਤੋਂ ਬਚਾਉਣਾ ਸੋਸ਼ਲਿਸਟ ਸਾਹਿਤਕਾਰਾਂ ਦਾ ਪ੍ਰਮੁਖ ਕਰਤੱਵ ਬਣ ਗਿਆ। ਇਸੇ ਸਟੇਟ ਦੀਆਂ ਕੁਝ ਕਥਿਤ ਜ਼ਿਆਦਤੀਆਂ ਜੋ ਨਾ–ਤਜਰਬੇਕਾਰ ਪ੍ਰਬੰਧਕਾਂ ਦੇ ਕਾਰਨ ਲੋਕਾਂ ਨੂੰ ਸਹਿਣੀਆਂ ਪੈ ਰਹੀਆਂ ਸਨ, ਉਹਨਾਂ ਨੂੰ ਵੀ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਸੀ। ਸ਼ੋਲੋਖੋਵ ਦੀਆਂ ਲਿਖਤਾਂ ਜਿਸ ਵਿਚ 'ਡਾਨ ਵਹਿੰਦਾ ਰਿਹਾ' ਵਰਗੇ ਨਾਵਲ ਆਂਦੇ ਹਨ, ਇਸੇ ਸਮਾਜਵਾਦੀ ਯਥਾਰਥ ਦੀ ਦੇਣ ਹਨ। ਸੋਸ਼ਲਿਸਟ ਸਮਾਜ ਵਿਚ ਜਿਥੇ ਪੈਦਾਵਾਰੀ ਸ਼ਕਤੀਆਂ ਦੀ ਮਲਕੀਅਤ ਸਾਂਝੀ ਕਰ ਦਿਤੀ ਗਈ, ਉਥੇ ਇਕ ਵਿਅਕਤੀ ਦੀ ਭੂਮਿਕਾ ਕੀ ਹੋਵੇਗੀ, ਸਮਾਜਵਾਦੀ ਸਾਹਿਤਕਾਰ ਲਈ ਇਹ ਚਣੌਤੀ ਕਬੂਲਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਇਸ ਸਾਹਿਤ ਦੀ ਭਿੰਨਤਾ ਇਹ ਗੱਲ ਝੁਠਲਾਂਦੀ ਹੈ ਕਿ ਸੋਸ਼ਲਿਸਟ ਸਾਹਿਤ ਮਨੁੱਖ ਦੇ ਹਾਵਾਂਭਾਵਾਂ ਨੂੰ ਸਿਰਫ ਮਕੈਨਕੀ ਢੰਗ ਨਾਲ ਪੇਸ਼ ਕਰਦਾ ਹੈ।

ਸੋਸ਼ਲਿਸਟ ਸਾਹਿਤ ਦਾ ਕੌਮੀ ਮੁਕਤੀ ਦੇ ਸਾਹਿਤ ਨਾਲ ਕੀ ਸੰਬੰਧ ਹੈ, ਇਹ ਵੀ ਇਕ ਦਿਲਚਸਪ ਅਧਿਐਨ ਹੈ। ਕੌਮੀ ਮੁਕਤੀ ਦਾ ਸਾਹਿਤ ਭਾਵੁਕਤਾ ਪ੍ਰਧਾਨ ਹੁੰਦਾ ਹੈ, ਉਸ ਵਿਚ ਸਾਹਿਤਕਾਰ ਆਪਣੇ ਲੋਕਾਂ ਦੀ ਗ਼ੁਲਾਮੀ ਨੂੰ ਖਤਮ ਕਰਨ ਲਈ ਹੋਕਾ ਦੇਂਦਾ ਹੈ, ਵੱਖ ਵੱਖ ਦੇਸ਼ਾਂ ਦਾ ਕੌਮੀ ਮੁਕਤੀ ਦਾ ਸਾਹਿਤ ਤੇ ਦੂਜੀ ਜੰਗ ਦੇ ਦਰਮਿਆਨ ਲਿਖਿਆ ਰੂਸੀ ਸਾਹਿਤ ਵਿਚ ਭਾਵੇਂ ਭਾਵੁਕਤਾ ਪ੍ਰਧਾਨ ਸੁਰ ਹੈ, ਪਰ ਇਸੇ ਭਾਵੁਕਤਾ ਦਾ ਜੇਕਰ ਸਮਾਜਵਾਦੀ ਯਥਾਰਥ ਦੀ ਕਸੌਟੀ ਲਗਾਕੇ ਮੁਲਅੰਕਣ ਕੀਤਾ ਜਾਏ ਤਾਂ ਇਹ ਭਾਵੁਕ ਔਗਣ ਨਹੀਂ, ਸਗੋਂ ਇਕ ਗੁਣ ਬਣਦਾ ਹੈ। ਕੌਮੀ ਮੁਕਤੀ ਦਾ ਸਾਹਿਤ ਸੋਸ਼ਲਿਸਟ ਸਾਹਿਤ ਦਾ ਅੰਗ ਬਣ ਜਾਂਦਾ ਹੈ, ਜਦੋਂ ਉਸ ਵਿਚ ਜਿਥੇ ਅਪਣੇ ਲੋਕਾਂ ਨੂੰ ਬਦੇਸ਼ੀ ਹਾਕਮਾਂ ਦੇ ਵਿਰੁਧ ਸੰਘਰਸ਼ ਦਾ ਸੱਦਾ ਹੁੰਦਾ ਹੈ, ਉਥੇ ਐਸੇ ਮੁਕਤ ਸਮਾਜ ਦੀ ਕਲਪਨਾ ਵੀ ਕੀਤੀ ਜਾਂਦੀ ਹੈ, ਜਿਥੇ ਮਨੁੱਖ ਅਪਣੀ ਹੋਣੀ ਦਾ ਆਪ ਮਾਲਕ ਹੋਵੇਗਾ। ਲੈਟਿਨ ਅਮਰੀਕਾ, ਅਫਰੀਕਾ ਤੇ ਏਸ਼ੀਆ ਦਾ ਬਹੁਤ ਸਾਰਾ ਕੌਮੀ ਮੁਕਤੀ ਦਾ ਸਾਹਿਤ ਸੋਸ਼ਲਿਸਟ

ਸਾਹਿਤ ਦਾ ਇਕ ਫ਼ਖ਼ਰ ਕਰਨ ਵਾਲਾ ਅੰਗ ਹੈ।

ਆਧੁਨਿਕਤਾਵਾਦ ਵੀ ਇਕ ਹੱਦ ਤਕ ਸੋਸ਼ਲਿਸਟ ਯਥਾਰਥਵਾਦ ਦਾ ਜ਼ਰੂਰੀ ਅੰਗ ਹੈ। ਸੋਸ਼ਲਿਸਟ ਸਾਹਿਤਕਾਰ ਰੂਪ ਵਲੋਂ ਨਵੇਂ ਕਿਸਮ ਦੇ ਪ੍ਰਤੀਕ ਅਤੇ ਪ੍ਰਯੋਗਸ਼ੀਲ ਤਕਨੀਕ ਨੂੰ ਅਪਨਾਉਣ ਦੀ ਖੁਲ੍ਹ ਰਖਦਾ ਹੈ। ਆਧੁਨਿਕਤਾਵਾਦ ਸਿਰਫ਼ ਬੁਰਜੂਆ ਲੇਖਕਾਂ ਦੀ ਇਜਾਰੇਦਾਰੀ ਨਹੀਂ; ਸੋਸ਼ਲਿਸਟ ਲੇਖਕ ਵੀ ਇਨ੍ਹਾਂ ਨੂੰ ਪੂਰੀ ਸਫਲਤਾ ਨਾਲ ਅਪਣਾਉਂਦੇ ਹਨ, ਅੰਤਰ ਹੈ ਤਾਂ ਪਹੁੰਚ ਵਿਚ। ਬੁਰਜੂਆ ਸਾਹਿਤਕਾਰ ਦੀ ਪਹੁੰਚ ਅੰਦਰਮੁਖੀ ਹੋ ਕੇ, ਵਿਅਕਤੀ ਦੇ ਮਸਲੇ ਤੱਕ ਸੀਮਤ ਹੋਵੇਗੀ ਜਦੋਂ ਕਿ ਸੋਸ਼ਲਿਸਟ ਲੇਖਕ ਲੋਕਾਂ ਦੇ ਸਮੂਹ ਨੂੰ ਤਰਜੀਹ ਦੇਵੇਗਾ। ਯੋਰਪ ਦੇ ਆਧੁਨਿਕ ਸਾਹਿਤ ਦੀਆਂ ਮਿਸਾਲਾਂ ਦੇ ਕੇ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਇਕ ਸੋਸ਼ਲਿਸਟ ਲੇਖਕ ਮਨੁੱਖ ਦੇ ਅੰਤਰੀਵ ਵਿਚ ਝਾਤ ਮਾਰਦਾ ਹੋਇਆ ਵੀ ਅਤੇ ਉਸਨੂੰ ਸਮਾਜ ਦੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਰਖਦਾ ਹੋਇਆ ਉਤਮ ਸਾਹਿਤ ਨੂੰ ਜਨਮ ਦੇਂਦਾ ਹੈ, ਸੋਸ਼ਲਿਸਟ ਯਥਾਰਥਵਾਦ ਆਧੁਨਿਕਤਾਵਾਦ ਨੂੰ ਰੱਦ ਨਹੀਂ ਕਰਦਾ। ਇਹ ਤੇ ਇਕ ਲੇਖਕ ਦੀ ਸਾਹਿਤ ਵਿਚ ਵਿਅਕਤੀਗਤ ਪਹੁੰਚ ਹੈ, ਮਹੱਤਤਾ ਰਖਦੀ ਹੈ। ਇਸ ਪ੍ਰਸੰਗ ਵਿਚ ਨਿਰਣਾ ਲੈਣ ਲਈ ਸਮਾਜ ਦੀਆਂ ਵੱਖ ਵੱਖ ਜਮਾਤਾਂ ਵੱਲ ਉਹਦੀ ਪਹੁੰਚ ਸਾਡਾ ਧਿਆਨ ਮੰਗਦੀ ਹੈ।

ਸਮਾਜਕ ਯਥਾਰਥ ਬਦਲਣ ਨਾਲ ਸੋਸ਼ਲਿਸਟ ਯਥਾਰਥਵਾਦ ਦੇ ਘੇਰੇ ਵਿਚ ਆਉਂਦੇ ਹੋਏ ਸਾਹਿਤ ਦੇ ਰੂਪ ਤੇ ਵਿਸ਼ੇ ਵਿਚ ਕਾਫੀ ਫਰਕ ਆਵੇਗਾ। ਇਹ ਫਰਕ ਪੱਛਮੀ ਦੇਸ਼ਾਂ ਦੇ ਸਾਹਿਤ ਅਤੇ ਤੀਸਰੀ ਦੁਨੀਆ ਦੇ ਸਾਹਿਤ ਵਿਚ ਵੇਖਿਆ ਜਾ ਸਕਦਾ ਹੈ, ਪਰ ਇਹ ਅੰਤਰ ਹੁੰਦਿਆਂ ਹੋਇਆਂ ਵੀ ਸੋਸ਼ਲਿਸਟ ਸਾਹਿਤ ਵਿਚ ਇਕ ਗੱਲ ਸਾਂਝੀ ਹੋਵੇਗੀ ਕਿ ਉਹ ਅੰਤਮ ਰੂਪ ਵਿਚ ਮਨੁੱਖ ਲਈ ਕਲਿਆਣਕਾਰੀ ਆਸ਼ਾ ਰਖੇਗਾ।

'ਸੋਸ਼ਲਿਸਟ ਸਾਹਿਤ ਦੇ ਵਿਗਾਸ ਦੀਆਂ ਸਮਸਿਆਵਾਂ' ਪੁਸਤਕ ਵਿਚ ਸੋਸ਼ਲਿਸਟ ਸਾਹਿਤ ਨੂੰ ਬੁਨਿਆਦੀ ਤੌਰ ਤੇ ਇਕ ਨਵੀਂ ਸੁਹਜਾਤਮਕ ਬਣਤਰ ਵਜੋਂ ਵੇਖਿਆ ਗਿਆ ਹੈ। ਇਸਦਾ ਡੂੰਘਾ ਅਧਿਅਨ ਸਾਨੂੰ ਇਸ ਯੋਗ ਬਣਾਏਗਾ ਕਿ ਸਮਾਜਵਾਦੀ ਯਥਾਰਥ ਦੀ ਕਸੌਟੀ ਨੂੰ ਸਾਹਿਤ ਦੇ ਮੁਲਅੰਕਣ ਲਈ ਕਿਸ ਤਰ੍ਹਾਂ ਇਸਤੇਮਾਲ ਵਿਚ ਲਿਆਉਣਾ ਹੈ। ਪੰਜਾਬੀ ਸਾਹਿਤ ਵਿਚ ਉੱਚੀ ਸੁਰ ਵਾਲੇ ਇਨਕਲਾਬੀ ਸਾਹਿਤ, ਧੀਮੀ ਸੁਰ ਵਾਲੇ ਮਾਨਵਵਾਦੀ ਸਾਹਿਤ, ਜਮਾਤੀ ਪੱਖ ਪੂਰਨ ਵਾਲੇ ਖੱਬੇ ਪੱਖੀ ਅਤੇ ਸੱਜੇ ਪੱਖੀ ਸਾਹਿਤ, ਯਥਾਰਥਵਾਦੀ, ਪ੍ਰਯੋਗਵਾਦ, ਪ੍ਰਕਿਰਤੀਵਾਦ, ਪ੍ਰਤੀਕਵਾਦ, ਸੰਰਚਨਵਾਦ ਆਦਿਕ ਦੇ ਸੁਹਜਾਤਮਕ ਬੋਧ ਬਾਰੇ ਜੋ ਵਾਦਵਿਵਾਦ ਚਲਦਾ ਹੈ, ਉਸ ਬਾਰੇ ਸਮਾਜਵਾਦੀ ਯਥਾਰਥ ਦੀ ਵਿਧੀ ਵਰਤਦਿਆਂ ਸਾਹਿਤ ਦਾ ਇਕ ਤਰਕਸ਼ੀਲ ਵਿਸ਼ਲੇਸ਼ਣ ਹੋ ਸਕਦਾ ਹੈ। ਇਸ ਵਿਧੀ ਦੀ ਵਿਆਖਿਆ ਜੋ ਪੁਸਤਕ ਦੇ ਵੱਖ ਵੱਖ ਕਾਂਡਾਂ ਵਿਚ ਕੀਤੀ ਗਈ ਹੈ, ਇਸਨੂੰ ਸਾਹਿਤਕ ਅਲੋਚਨਾ ਵਿਚ ਇਕ ਕੀਮਤੀ ਵਾਧੇ ਦਾ ਗੁਣ ਪ੍ਰਦਾਨ ਕਰਦੀ ਹੈ। o

## ਅੰਧਵਿਸ਼ਵਾਸੀ ਵਰਤਾਰਿਆਂ ਦੀ ਸੋਚ ਅਤੇ ਵਰਤਾਰਾ
(ਇਕ ਵੱਡੇ ਲੇਖ ਦਾ ਸੰਖੇਪ)

ਗੁਰਨਾਮ ਸਿੰਘ

ਪੂੰਜੀਵਾਦ ਦੀ ਬੁਨਿਯਾਦ ਮੁਨਾਫ਼ਾ ਹੈ। ਇਸ ਢਾਂਚੇ ਨੂੰ ਚਲਦਾ ਰੱਖਣ ਲਈ, ਸਰਮਾਏਦਾਰੀ ਦੇ ਲਗਾਤਾਰ ਵਿਕਾਸ ਲਈ ਜ਼ਰੂਰੀ ਹੈ ਕਿ ਸਸਤਾ ਕੱਚਾ ਮਾਲ ਤਿਆਰ ਕੀਤਾ ਜਾਵੇ। ਕੱਚਾ ਮਾਲ ਹਮੇਸ਼ਾਂ, ਮਜ਼ਦੂਰ ਤੇ ਨਿਰਭਰ ਹੈ। ਸਸਤੀ ਮਜ਼ਦੂਰੀ ਗਰੀਬੀ ਤੇ ਨਿਰਭਰ ਹੈ। ਤਾਂ ਸਸਤਾ ਮਜ਼ਦੂਰ ਲੈਣ ਲਈ ਤੇ ਉਸਦੇ ਹੱਡਾਂ ਚੋਂ ਉਸਦੀ ਸ਼ਕਤੀ ਵਿਚੋਂ ਕੱਚਾ ਮਾਲ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਬਹੁ ਗਿਣਤੀ ਨੂੰ ਗਰੀਬ ਰੱਖਿਆ ਜਾਵੇ। ਗਰੀਬ ਰੱਖਣ ਲਈ ਜ਼ਰੂਰੀ ਹੈ ਕਿ ਮਨੁੱਖ ਨੂੰ 'ਧਰਮਾਂ' ਵਿਚ ਅੜੁੰਗਿਆ ਜਾਵੇ ਤੇ ਭੁੱਖ ਮਰੀ, ਗਰੀਬੀ, ਬੀਮਾਰੀ, ਨੰਗਪੁਣਾ, ਬੇਰੁਜ਼ਗਾਰੀ, ਜ਼ਿੱਲਤੀ ਜ਼ਿੰਦਗੀ ਉਸਦੀ ਕਿਸਮਤ ਤੇ ਉਸਦੇ ਪੂਰਬਲੇ ਜਨਮ ਦੇ ਮੰਦੇ ਕੰਮਾਂ ਨਾਲ ਬੰਨ੍ਹਿਆ ਜਾਵੇ ਤੇ ਅਗਲੇ ਚੰਗੇ ਜਨਮ ਲਈ, ਨਰਕ ਤੋਂ ਬਚਾ ਕੇ ਸੁਰਗ ਦਾ ਪਾਸਪੋਰਟ ਦੇਣ ਲਈ ਥਾਂ ਥਾਂ ਤੇ ਸਮਕਲੋਂ ਸ਼ਕਲੋਂ ਬਾਬੇ ਸਾਧ ਦੇ ਡੇਰੇ ਸਥਾਪਤ ਕੀਤੇ ਜਾਣ ਤੇ ਉਥੇ ਅਜਿਹੇ ਧਾਰਮਕ ਵਖਿਆਨ ਜਾਰੀ ਕੀਤੇ ਜਾਣ ਤੇ ਅਜਿਹੇ ਸੱਚਖੰਡ ਤੇ ਸੁਰਗ ਵਿਖਾਏ। ਜਾਣ ਤੇ ਨਾਲੋਂ ਨਾਲ ਅਜਿਹੇ ਡਰ ਪੈਦਾ ਕਰ ਦਿੱਤੇ ਜਾਣ ਕਿ ਬੰਦਾ, ਮਾਇਆ ਤੋਂ ਰਹਿਤ ਬੰਦਾ, ਮਾੜੀ ਮੋਟੀ ਕੀਤੀ ਹੱਡ ਭੰਨਵੀਂ ਕਮਾਈ ਦਾ ਪੈਸਾ ਵੀ ਮਾਇਆ ਦੇ ਚੱਕਰਾਂ 'ਚ ਰੋੜ੍ਹ ਆਵੇ। ਅਨੇਕਾਂ ਧਾਰਮਕ ਸਥਾਨ ਬਣਾਏ ਕਿ ਬੰਦਾ ਥਾਂ ਥਾਂ ਭਟਕਦਾ ਫਿਰੇ ਤੇ ਆਪਣੀ ਊਲੀ, ਕੱਪਟੀ ਭ੍ਰਿਸ਼ਟ ਤੇ ਠੱਗ ਚੋਲਾਧਾਰੀਆਂ, ਕਾਮੀਆਂ ਤੋਂ ਲੁਹਾਉਂਦਾ ਫਿਰੇ। ਸਮਾਜ ਦੇ ਵਿਹਲੜ ਧਰਮੀ ਠੱਗਾਂ ਨੂੰ ਮੱਥੇ ਰਗੜ ਕੇ ਆਪਣੀ ਅਧਿਮੀਅਤਾ ਦਾ ਭੋਗ ਪਾਉਂਦਾ ਫਿਰੇ।

ਇਸ ਤਰ੍ਹਾਂ ਚੁਰਾਸੀ ਦੇ ਗੇੜ 'ਚ ਪਿਆ ਵਿਸ਼ਾਲ ਸਮਾਜ ਜਦੋਂ ਗਰੀਬ ਰਹੇਗਾ ਤੇ ਉਸਨੂੰ ਪਤਾ ਨਹੀਂ ਲੱਗੇਗਾ ਕਿ ਉਹ ਗਰੀਬ ਕਿਸੇ ਰੱਬ ਦਾ ਕੀਤਾ ਨਹੀਂ ਹੋਇਆ; ਸਗੋਂ ਇਸ ਸਮਾਜ ਤੇ ਕਾਬਜ਼ ਲੁਟੇਰੀ ਜਮਾਤ

ਕਲਰਕ ਹੈ, ਜਿਸਨੇ ਜ਼ਿੰਦਗੀ ਨੂੰ ਆਪਣੇ ਹਿਤਾਂ ਦਾ ਵਸੀਲਾ ਬਣਾ ਧਰਿਆ ਹੈ।

ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਮੇਹਨਤਕਸ਼ ਸਮਾਜ ਨੂੰ ਅਨਜਾਣ ਰੱਖਿਆ ਜਾਵੇ। ਅਨਜਾਣ ਰੱਖਣ ਲਈ ਜ਼ਰੂਰੀ ਹੈ ਕਿ ਉਹਨਾਂ ਨੂੰ ਅਨਪੜ੍ਹ ਰੱਖਿਆ ਜਾਵੇ ਤੇ ਜਾਂ ਫਿਰ ਵਿਦਿਅੱਕ ਢਾਂਚੇ ਨੂੰ ਇਸ ਢੰਗ ਨਾਲ ਚਲਾਇਆਂ ਜਾਵੇ ਕਿ ਉਸਦੀ ਪੈਦਾਵਾਰ ਸਮਝ ਬੂਝ ਵਾਲੀ ਪੈਦਾ ਹੀ ਨਾ ਹੋਵੇ।

ਇਸ ਮੰਤਵ ਨੂੰ ਪੂਰਾ ਕਰਨ ਲਈ ਕਾਬਜ਼ ਜਮਾਤ ਵਿਦਿਆ ਪ੍ਰਨਾਲੀ ਨੂੰ ਦੋ ਦਿਸ਼ਾਵਾਂ ਵੱਲ ਮੋੜਦੀ ਹੈ। ਇਕ ਮਾਡਲ ਸਿੱਖਿਆ ਕੇਂਦਰ ਤੇ ਦੂਜੇ ਸਰਕਾਰੀ ਸਿਖਿਆ ਕੇਂਦਰ। ਸਰਕਾਰੀ ਸਿਖਿਆ ਕੇਂਦਰ ਦਾ ਹਾਲ ਇਹ ਹੋਵੇ ਕਿ 6.50 ਕਰੋੜ ਬੱਚੇ ਦਾਖਲ ਹੋਣ, ਅਖੀਰ ਤੀਕ 4.50 ਕਰੋੜ ਹਟ ਜਾਣ ਤੇ ਬੀ.ਏ ਤੀਕ 3% ਪਹੁੰਚ ਸਕਣ। ਦੂਜੇ ਪਾਸੇ ਕਾਬਜ਼-ਅਮੀਰ ਜਮਾਤ ਲਈ ਮਾਡਲ ਕੇਂਦਰ। 100% ਅਫਸਰ ਸ਼ਾਹੀ, ਜਾਂ 100% ਵਪਾਰੀ ਤਬਕਾ ਜਾਂ 100% ਰਾਜਨੀਤੀਵਾਨ। ਜੋ ਰਾਜ ਦੀ ਸਰਕਾਰੀ ਮਸ਼ੀਨਰੀ ਨੂੰ ਜਾਂ ਪੂੰਜੀਵਾਦੀ ਪ੍ਰਬੰਧ ਨੂੰ ਚਲਾ ਸਕਣ ਤੇ ਹੇਠਲੇ ਤਬਕੇ ਬਾਰੇ ਸੁਫਨਾ ਵੀ ਨਾ ਲੈ ਸਕਣ।

ਬੀ. ਏ. ਤੀਕ ਜਾਂ ਉਸ ਤੋਂ ਉੱਪਰ ਪਹੁੰਚੇ ਨਿਕਲੇ ਵਰਗ ਨੂੰ ਭ੍ਰਿਸ਼ਟ ਸਰਕਾਰੀ ਅਦਾਰਿਆਂ ਵਿਚ ਭ੍ਰਿਸ਼ਟ ਤਰੀਕਿਆਂ ਨਾਲ ਭਰਤੀ ਕਰ ਲਿਆ ਜਾਵੇ ਤਾਂਕਿ ਉਹ ਆਪਣੇ ਹੀ ਪੇਟ ਦੇ ਸਕੇ ਰਹਿ ਸਕਣ। ਇਹਨਾਂ ਵਿਚੋਂ ਬਹੁਗਿਣਤੀ 'ਕਲਰਕ' ਬਣਾਈ ਜਾਂਦੀ ਹੈ ਜਾਂ ਫੌਜ ਤੇ ਪੁਲੀਸ ਦਾ ਹੇਠਲਾ ਤਬਕਾ ਵੀ ਇਸੇ ਜਮਾਤ ਵਿਚੋਂ ਲਿਆ ਜਾਂਦਾ ਹੈ, ਤਾਂ ਜੋ ਰੋਟੀ ਦਾ ਮਸਲਾ ਉਸਨੂੰ ਭ੍ਰਿਸ਼ਟ ਕੁਕਰਮ ਕਰਨ ਤੋਂ ਰੋਕ ਨਾ ਸਕੇ ਤੇ ਉਹ ਆਪਣੇ ਸਮਾਜ ਲਈ ਵਫਾਦਾਰ ਨਾ ਬਣ ਸਕੇ। ਇਸ ਵਿਚੋਂ ਹੀ ਕੁਝ ਤਬਕਾ ਸਰਕਾਰੀ ਸਿੱਖਿਆ ਕੇਂਦਰਾਂ ਵਿਚ ਬਤੌਰ ਅਧਿਆਪਕ ਭਰਤੀ ਕੀਤਾ ਜਾਂਦਾ ਹੈ। ਬਹੁ ਗਿਣਤੀ ਅਧਿਆਪਕ ਵਰਗ ਜੋ ਸਰਕਾਰੀ ਕੇਂਦਰਾਂ ਵਿਚ ਸਿਖਿਆ ਦੇਵੇਗਾ ਉਹ ਨਿਚਲੇ ਵਰਗ ਵਿਚੋਂ ਹੋਵੇਗਾ। ਪਰੰਤੂ ਵਿਦਿਆ ਪ੍ਰਨਾਲੀ, ਵਿਦਿਅਕ ਪ੍ਰਬੰਧ, ਸਕੂਲ, ਕਾਲਜ, ਸਿਖਲਾਈ ਕੇਂਦਰ ਦਾ ਪੂਰਾ ਪ੍ਰਬੰਧ ਭ੍ਰਿਸ਼ਟ ਅਫਸਰਸ਼ਾਹੀ ਦੇ ਕੰਟਰੋਲ 'ਚ ਹੋਵੇਗਾ, ਜੋ ਨੌਜਵਾਨ ਪੜ੍ਹੀ ਪੀੜ੍ਹੀ ਦੀ ਯਥਾਂ ਸ਼ਕਤੀ ਤੋਂ ਲਾਭ ਲੈਣ ਦੀ ਥਾਂ, ਉਸਨੂੰ ਮਧੋਲੇਗਾ।

ਅਸਾਮੀਆਂ ਕੱਚੀਆਂ ਰੱਖੀਆਂ ਜਾਣਗੀਆਂ, ਤਿਮਾਹੀ ਛਿਮਾਹੀ, ਨਿਮਾਹੀ, ਸਲਾਨਾ ਅਨੇਕ ਕਿਸਮ ਦੀ ਭਰਤੀ ਜਾਰੀ ਰੱਖੀ ਜਾਵੇਗੀ। ਸੇਵਾ ਵਿਚ ਬਰੇਕਾਂ ਲਾਈਆਂ ਜਾਣ ਗੀਆਂ। ਭਰਤੀ ਬਰੇਕ, ਮੁੜ ਭਰਤੀ, ਇਹ ਚੱਕਰ ਸਾਲਾਂ ਬਧੀ ਜਾਰੀ ਰੱਖਿਆ ਜਾਵੇਗਾ। ਤੇ ਲੈਣ-ਦੇਣ ਦਾ ਸਿਲਸਲਾ ਵੀ ਚਲਦਾ ਰਹੇਗਾ।

ਜਵਾਨੀ ਜੋਸ਼ ਮਾਰੇਗੀ। ਯੂਨੀਅਨ ਬਣਾਏਗੀ। ਸਾਲਾਂ ਬੱਧੀ ਸਿਰਫ਼ ਪੱਕੇ ਹੋਣ ਲਈ ਸੰਘਰਸ਼ ਕਰਦੀ ਰਹੇਗੀ। ਸ਼ਕਤੀ ਨਸ਼ਟ ਹੁੰਦੀ ਰਹੇਗੀ। ਪੇਟ ਦਾ ਮਸਲਾ ਕੌਮ ਦਾ ਮਸਲਾ ਨਹੀਂ ਬਣ ਸਕੇਗਾ। ਜਵਾਨੀ ਜ਼ੁਲਮ ਦਾ ਸ਼ਿਕਾਰ ਰਹੇਗੀ। ਵਿਦਿਆ ਬੇਰੁਜ਼ਗਾਰੀ ਦਾ ਸ਼ਿਕਾਰ ਰਹੇਗੀ। ਫਿਰ ਕਈ ਸਾਲਾਂ ਬਾਦ ਧੂਹ ਘੜੀਸਕੇ, ਖੋਹ ਖਿੱਚ ਕੇ, ਖਾ ਪੀਕੇ, ਬੇਰੁਜ਼ਗਾਰੀ, ਬਾਰੁਜ਼ਗਾਰੀ ਬਣ ਜਾਵੇਗੀ ਤੇ ਸੰਘਰਸ਼ ਖਤਮ ਹੋ ਜਾਵੇਗਾ। ਫਿਰ ਜੋ ਹੋ ਰਿਹੈ, ਬਰਦਾਸ਼ਤ ਕਰ ਸਕਣ ਦੀ ਸਮਰੱਥਾ ਵਧ ਜਾਵੇਗੀ। ਇਕ ਹੀਜੜਾਪਣ ਪਸਰ ਜਾਵੇਗਾ। ਜਾਂ ਫਿਰ ਅਧਿਆਪਕ, ਨਿਚਲੇ ਸਮਾਜ ਦਾ ਬੁੱਧੀਜੀਵੀ ਵਰਗ, ਸੇਵਾਫਲ, ਸਰਵਿਸ ਬੁੱਕਾਂ, ਸਲਾਨਾ ਤਰੱਕੀਆਂ, ਕਾਨਫਰਮੇਸ਼ਨਾਂ ਅਹੁਦਿਆਂ, ਤਨਖਾਹ ਕਮਿਸ਼ਨਾਂ ਦੇ ਚੱਕਰ 'ਚ ਪੈ ਜਾਵੇਗਾ ਤੇ ਬਾਕੀ ਸਭ ਕੁੱਝ ਭੁੱਲ ਭੁਲਾ ਜਾਵੇਗਾ। ਫਿਰ ਉਹੀ, ਬਿਨਾਂ ਕੁਰਸੀ ਤੋਂ, ਬਿਨਾਂ ਚਾਕਾਂ ਤੇ ਬੋਰਡਾਂ ਤੋਂ, ਬਿਨਾਂ ਕਮਰਿਆਂ ਤੋਂ, ਬਹੁਤੇ ਬੱਚਿਆਂ ਵਿਚ ਘੱਟ ਗਿਣਤੀ ਤੇ, ਘੱਟ ਗਿਣਤੀ ਬੱਚਿਆਂ ਵਿਚ ਬਹੁਗਿਣਤੀ ਅਧਿਆਪਕ ਬਣ ਕੇ ਦਰ-ਗੁਜ਼ਰ ਕਰੇਗਾ। ਇਕ ਕਲਰਕ, ਇਕ ਪਟਵਾਰੀ, ਇਕ ਪੁਲਸੀਆ, ਇਕ ਪੰਚਾਇਤ ਸੈਕਟਰੀ ਤੇ ਇਕ ਅਫ਼ਸਰ ਦਾ ਪੀਅਨ ਜਦੋਂ ਉਸਤੋਂ ਵੱਧ ਅਹਿਮੀਅਤ ਵਾਲਾ ਹੋਵੇਗਾ ਤਾਂ ਉਹ ਨਿਰਾਸ਼ਾ ਦੀਆਂ ਚਾਰੇ ਕੰਨੀਆਂ ਫੜ੍ਹਕੇ ਭ੍ਰਿਸ਼ਟ ਢਾਂਚੇ ਨਾਲ ਯਾਰੀ ਪਾਲਣਗੀਆਂ।

ਕਾਬਜ਼ ਜਮਾਤ ਇਸ ਮੰਤਵ ਨੂੰ ਪੂਰਾ ਕਰਨ ਵਿਚ ਸਫ਼ਲ ਹੋ ਜਾਵੇਗੀ ਕਿ ਸਸਤਾ ਮਜ਼ਦੂਰ ਖਤਮ ਨਾ ਹੋ ਸਕੇ। ਕਿਉਂਕਿ ਪੜ੍ਹ ਲਿਖਕੇ ਕੋਈ ਬੰਦਾ ਕਿਸੇ ਦੀ ਗੁਲਾਮੀ ਸਹਿਣ ਨੂੰ ਤਿਆਰ ਨਹੀਂ ਹੋ ਸਕਦਾ। ਉਹ ਸਸਤਾ ਵਿਕਣ ਲਈ ਤਿਆਰ ਨਹੀਂ ਹੋ ਸਕਦਾ। ਇਸ ਲਈ ਜ਼ਰੂਰੀ ਹੈ ਕਿ ਵਿਦਿਅਕ ਢਾਂਚਾ ਹੀ ਇਸ ਤਰ੍ਹਾਂ ਦਾ ਪੈਦਾ ਕੀਤਾ ਜਾਵੇ ਜੋ ਬਹੁ ਗਿਣਤੀ ਨੂੰ ਮੰਡੀ ਦਾ ਮਾਲ ਬਣਨ ਤੋਂ ਰੋਕੇ ਨਾ। ਤੇ ਜੋ ਬੁੱਧੀਜੀਵੀ ਸਮਾਜ ਪੈਦਾ ਨਾ ਕਰ ਸਕੇ।

ਲੱਖਾਂ ਦੀ ਗਿਣਤੀ 'ਚੋਂ ਉਂਗਲਾਂ ਤੇ ਗਿਣਨ ਜੋਗੇ ਬੁੱਧੀਜੀਵੀ ਛੇੜੀ ਕੀਤੇ ਕਾਬਜ਼ ਢਾਂਚੇ ਦਾ ਕੀ ਵਿਗਾੜ ਸਕਦੇ ਹਨ। ਜੋ ਵਿਗਾੜਨ ਦੀ ਸਮਰੱਥਾ ਰੱਖਦੇ ਹਨ ਉਹਨਾਂ ਨੂੰ ਝੋਲ ਕੇ ਫਿੱਟ ਕਰ ਲਿਆ ਜਾਂਦਾ ਹੈ।

ਫਿਰ ਮੇਲੇ 'ਚ ਜੇ ਤੂਤੀ ਵਜਦੀ ਵੀ ਰਹੇ ਤਾਂ ਕੀ ਫਰਕ ਪੈਂਦੈ। ਇਸ ਤਰ੍ਹਾਂ ਅਸੀਂ ਇਸ ਸਿੱਟੇ ਤੇ ਪੁੱਜ ਜਾਂਦੇ ਹਾਂ ਕਿ ਅਧਿਆਪਕ ਇਕ ਸਿਰਜਨਕਾਰ ਹੈ। ਬੁੱਧ ਵਿਵੇਕ ਨੂੰ ਤੀਖਣ ਕਰਨ ਵਾਲਾ ਉੱਤਮ ਸਾਧਨ ਹੈ। ਇਸਦੀ ਸੋਚ, ਇਸਦਾ ਵਰਤਾਰਾ ਸਮਾਜ ਨੂੰ ਕਿਸੇ ਵੀ

ਤਰਫ਼ ਮੋੜ ਸਕਣ ਦੇ ਕਾਬਲ ਹੁੰਦਾ ਹੈ।

ਪਰ ਵੇਖਣਾ ਇਹ ਹੈ ਕਿ ਇਹ ਅਧਿਆਪਕ ਕਿਸ ਵਾਤਾਵਰਤਨ ਦੀ ਉਪਜ ਹੈ। ਕਿਉਂਕਿ ਮਨੁੱਖ ਦਾ ਦਿਮਾਗ, ਮਨੁੱਖ ਦੀ ਸੋਚ, ਮਨੁੱਖ ਦਾ ਵਰਤਾਰਾ, ਸਮਾਜ ਦੇ ਵਰਤਾਰੇ ਅਤੇ ਵਾਤਾਵਰਨ ਤੇ ਨਿਰਭਰ ਹੈ। ਤੇ ਸਮਾਜ ਦਾ ਵਰਤਾਰਾ ਉਥੋਂ ਦੀ ਕਾਬਜ਼ ਜਮਾਤ ਦੇ ਹਿਤਾਂ ਤੇ ਨਿਰਭਰ ਹੈ। ਕਾਬਜ਼ ਜਮਾਤ ਉੱਥੋਂ ਦੀ ਸਰਕਾਰੀ ਪਰਨਾਲੀ ਤੇ ਨਿਰਭਰ ਹੈ ਤੇ ਜੇ ਸਰਕਾਰੀ ਪਰਨਾਲੀ, ਸਰਕਾਰੀ ਮਸ਼ੀਨਰੀ ਭ੍ਰਿਸ਼ਟ ਬੰਦਿਆਂ ਤੇ ਸਾਧਨਾਂ ਉੱਤੇ ਨਿਰਭਰ ਹੈ ਤਾਂ ਇਸਦੀ ਪੈਦਾਵਾਰ ਅਧਿਆਪਕ ਵੀ ਭ੍ਰਿਸ਼ਟ ਕਿਸਮ ਦਾ ਕੱਚਾ ਘੱਟੀਆ ਮਾਲ ਪੈਦਾ ਕਰਨ ਵਾਲਾ ਹੋਵੇਗਾ। ਉਸਦੀ ਪੜ੍ਹਾਈ, ਉਸਦੀ ਸਿਖਲਾਈ ਮਨੁੱਖ ਨੂੰ ਕੋਈ ਚੰਗਾ ਬਦਲ ਦੇਣ ਦੀ ਥਾਂ, ਵਰਤਮਾਨ ਢਾਂਚੇ ਵਿਚ ਰਹਿ ਸਕਣ ਦੀ ਸਮਰੱਥਾ ਬਖਸ਼ੇਗੀ। ਭ੍ਰਿਸ਼ਟ ਢਾਂਚੇ ਦਾ ਅਧਿਆਪਕ, ਸਮਾਜ ਦੀਆਂ ਸਾਰੀਆਂ ਬੁਰਾਈਆਂ ਦਾ ਸ਼ਿਕਾਰ ਹੋਵੇਗਾ। ਵਿੱਦਿਆ ਜੋ ਵਿਗਿਆਨ ਦੀ ਗੱਲ ਨਹੀਂ ਕਰਦੀ ਤੇ ਜੋ ਝੂਠ ਸੱਚ ਦੇ ਪ੍ਰਤੱਖ ਨਿਤਾਰਿਆਂ ਦੀ ਥਾਂ, 'ਬਾਬਿਆਂ' ਦੀਆਂ ਗੈਰ-ਵਿਗਿਆਨਕ ਅਣ-ਮਨੁੱਖੀ ਕੀਰਤੀਆਂ ਸਿਖਾਉਂਦੀ ਹੈ ਤੇ ਜੋ ਮਨੁੱਖ ਨੂੰ ਉਸਦੇ 'ਵਿਕਾਸ' ਬਾਰੇ ਨਹੀਂ ਸਿਖਾਉਂਦੀ ਸਗੋਂ ਇਹ ਸਭ ਕੁੱਝ ਧਾਰਮਕ ਪੁਸਤਕਾਂ ਸਿਖਾਉਂਦੀਆਂ ਹਨ, ਅਜਿਹੀ ਵਿਦਿਆ ਦੀ ਪੈਦਾਵਾਰ ਅਧਿਆਪਕ ਦੀ ਸੋਚ ਜਾਂ ਵਰਤਾਰਾ ਇਸ ਦੇ ਉਲਟ ਕਿਵੇਂ ਹੋ ਸਕਦਾ ਹੈ।

ਜਦੋਂ ਅਧਿਆਪਕ ਹੀ, ਜੋ ਅਕਸਰ ਨਿਚਲੇ ਵਰਗ 'ਚੋਂ ਹੁੰਦਾ ਹੈ, ਭ੍ਰਿਸ਼ਟ ਪ੍ਰਬੰਧ ਦੇ ਵਹਿਣਾਂ 'ਚ ਵਹਿ ਜਾਵੇ ਤਾਂ ਇਸ ਪ੍ਰਬੰਧ ਨੂੰ ਇਸ ਵਾਤਾਵਰਨ ਨੂੰ, ਇਸ ਸਮਾਜਕ ਤੋਰ ਨੂੰ ਬਦਲਣ ਬਾਰੇ ਕਿਵੇਂ ਸੋਚਿਆ ਜਾ ਸਕਦਾ ਹੈ।

ਫਿਰ ਵੀ ਇਹ ਸੱਚ ਹੈ ਕਿ ਕਿਸੇ ਵੀ ਢਾਂਚੇ ਦਾ ਉਸਾਰ, ਉਸਦੀ ਵਿੱਦਿਅੱਕ ਪ੍ਰਣਾਲੀ ਅਤੇ ਉਸ ਸਮਾਜ ਦੇ ਅਧਿਆਪਕ ਦੇ ਸਿਰ ਤੇ ਹੁੰਦਾ ਹੈ। ਅਧਿਆਪਕ ਦੇ ਸਿਰ ਤੇ ਹੀ ਸਮਾਜਕ ਪ੍ਰਬੰਧ ਉਸਰਦਾ ਅਤੇ ਬਦਲਦਾ ਹੈ ਕਿਉਂਕਿ ਵਿੱਦਿਆ ਹੀ ਇਕ ਅਜਿਹਾ ਸਾਧਨ ਹੈ, ਜੋ ਮਨੁੱਖ ਨੂੰ ਗਿਆਨ ਬਖਸ਼ਦਾ ਹੈ, ਕਿਸੇ ਵੀ ਵਰਤਾਰੇ ਨੂੰ ਸਮਝਣ ਦੀ ਸਮਰੱਥਾ ਰੱਖਦਾ ਹੈ। ਇਹ ਗਿਆਨ ਲੋਕ ਹਿਤੂ ਵੀ ਹੋ ਸਕਦਾ ਹੈ ਤੇ ਲੋਕ-ਦੋਖੀ ਵੀ। ਗਿਆਨ, ਦੂਜਿਆਂ ਲੋਕਾਂ ਨੂੰ ਚਾਨਣ ਵੀ ਦੇ ਸਕਦਾ ਹੈ ਤੇ ਦੂਜਿਆਂ ਨੂੰ ਅਗਿਆਨਤਾ ਦੇ ਹਨੇਰਿਆਂ ਦੀਆਂ ਖੱਡਾਂ ਵਿਚ ਵੀ ਸੁੱਟ ਸਕਦਾ ਹੈ। ਪੜ੍ਹ ਲਿਖ ਕੇ, ਸਮਝ ਕੇ, ਸੂਝ ਪਾ ਕੇ ਵੀ ਜੇ ਕੋਈ ਵਰਗ, ਚਾਨਣੇ ਰਾਹ ਦਿਖਾ ਕੇ, ਕਰੋੜਾਂ ਲੋਕਾਂ ਨੂੰ ਗੁਰਬਤ ਦੀਆਂ ਹਨੇਰੀਆਂ ਖੱਡਾਂ 'ਚੋਂ ਨਹੀਂ ਕੱਢ ਸਕਦਾ, ਤਾਂ ਇਸਦਾ ਅਰਥ ਹੈ ਕਿ ਅਧਿਆਪਕ ਦੀ ਸੋਚ, ਅਧਿਆਪਕ ਦਾ ਵਰਤਾਰਾ ਇਕ ਭ੍ਰਿਸ਼ਟ ਸਮਾਜਕ ਵਰਤਾਰੇ ਦੀ ਦੇਣ ਹੈ। ਅਜਿਹੇ ਸਮੇਂ ਸਮਾਜ-ਹਿਤੂ ਬੁੱਧੀਜੀਵੀਆਂ ਸਾਹਮਣੇ ਇਹ ਇਕ ਵਿਸ਼ਾਲ ਸਮੱਸਿਆ ਹੁੰਦੀ ਹੈ ਕਿ ਅਗਿਆਨਤਾ ਨੂੰ ਗਿਆਨ 'ਚ ਕਿਵੇਂ ਬਦਲਿਆ ਜਾਵੇ ਤਾਂ ਜੋ ਭ੍ਰਿਸ਼ਟ ਤੇ ਲੁਟੇਰਾ ਪ੍ਰਬੰਧ ਤੋੜਿਆ ਜਾ ਸਕੇ। ਜਿਸਦੇ ਟੁੱਟਣ ਨਾਲ ਹੀ ਨਵੀਂ ਸੋਚ, ਨਵਾਂ ਵਰਤਾਰਾ ਪੈਦਾ ਹੋ ਸਕੇਗਾ। o

---

## ਸਭਿਆਚਾਰ ਬਾਰੇ ਕੁਝ ਵਿਚਾਰ o ਹਰਬੰਸ ਚਾਹਲ

—ਪਿਛਲੇ ਕੁੱਝ ਅੰਕਾਂ ਵਿਚ ਪੰਜਾਬੀ ਸੱਭਿਆਚਾਰ ਪ੍ਰਤੀ ਮੋਹ ਰੱਖਣ ਜਾਂ ਨਾ ਰੱਖਣ ਬਾਰੇ ਬਹਿਸ ਚਲਦੀ ਰਹੀ ਹੈ ਜੋ ਤੁਹਾਡੇ ਸੰਪਾਦਕੀ ਨਾਲ ਆਰੰਭ ਹੋਈ ਸੀ ਅਤੇ ਲਾਭ ਸਿੰਘ ਖੀਵਾ ਵਲੋਂ ਕੁੱਝ ਆਲੋਚਨਾਤਮਕ ਨੁਕਤੇ ਦੇਣ ਨਾਲ ਭਖੀ ਸੀ। ਮੈਂ ਸਾਰੀ ਚਰਚਾ ਤੇ ਵਿਚਾਰ ਕਰਨ ਉਪਰੰਤ ਜਿਸ ਨੁਕਤੇ ਤੇ ਪੁੱਜਿਆ ਹਾਂ, ਉਹ ਤੁਹਾਡੇ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

—ਇਹ ਬਹਿਸ ਕੋਈ ਨਵੀਂ ਨਹੀਂ ਹੈ। ਹਰ ਕੌਮ ਆਪਣੇ ਬੀਤੇ ਨੂੰ ਵਿਚਾਰਦੀ ਰਹੀ ਹੈ—ਉਸ ਵਿਚੋਂ ਬੇਲੋੜੀਆਂ ਤੇ ਘਸੀਆਂ ਪਿਟੀਆਂ ਚੀਜ਼ਾਂ ਨੂੰ ਨਿਕਾਰਦੀ ਰਹੀ ਹੈ, ਪ੍ਰਾਪਤੀਆਂ ਤੇ ਮਾਣ ਕਰਦੀ ਰਹੀ ਹੈ ਅਤੇ ਇਸੇ ਤਰ੍ਹਾਂ ਸਮੁੱਚੇ ਰੂਪ ਵਿਚ, ਉਸ ਤੋਂ ਸੇਧ ਲੈਂਦੀ ਰਹੀ ਹੈ। ਜੋ ਕੌਮ ਅਜੇਹਾ ਨਹੀਂ ਕਰ ਸਕੀ, ਉਹ ਮਰ ਮੁੱਕ ਗਈ। ਨਵੇਂ ਤੇ ਪੁਰਾਣੇ ਦਾ ਦਵੰਦ ਅਜ਼ਲ ਤੋਂ ਜਾਰੀ ਹੈ ਅਤੇ ਅੰਤ ਤੱਕ ਜਾਰੀ ਰਹੇਗਾ। ਪੁਰਾਤਨ ਸੰਸਕ੍ਰਿਤੀਆਂ ਦੀ ਮੌਤ ਤੇ ਹੰਝੂ ਵਹਾਉਣਾ ਬੇਅਰਥ ਹੈ। ਵਿਕਾਸ ਦੇ ਵਿਗਿਆਨਕ ਨਿਯਮਾਂ ਨੂੰ ਮੱਦੇ ਨਜ਼ਰ ਰੱਖ ਕੇ ਵੇਖੀਏ ਤਾਂ ਇਹ 'ਰਾਮ ਰਾਜ' ਦਾ ਵੇਵੇਲਾ ਹਾਸੋਹੀਣਾ ਜਾਪਦਾ ਹੈ। ਇਸ 'ਚ ਕੋਈ ਸੰਦੇਹ ਨਹੀਂ ਕਿ ਬੀਤੇ ਹੋਏ ਦੇ ਤਜਰਬਿਆਂ ਤੋਂ ਫਾਇਦਾ ਉਠਾ ਕੇ ਵਧੀਆ ਢੰਗ ਨਾਲ ਅੱਗੇ ਵਧਿਆ ਜਾ ਸਕਦਾ ਹੈ, ਪਰ ਬੀਤੇ ਹੋਏ ਨੂੰ ਮੁੜ-ਸਥਾਪਤ ਕਰਨ ਦੀ ਇੱਛਾ ਗਲਤ ਹੈ।

—ਕਾਰਲ ਮਾਰਕਸ "ਹਿੰਦੁਸਤਾਨ ਦੀ ਪਹਿਲੀ ਜੰਗਿ-ਆਜ਼ਾਦੀ" ਵਿਚ ਉਸ ਦੁਖਦਾਈ ਤੇ ਤਰਸਯੋਗ ਹਾਲਤ ਦਾ ਵਰਨਣ ਕਰਦਾ ਹੈ, ਜੋ ਹਿੰਦੁਸਤਾਨੀ ਰਿਆਸਤਾਂ ਦੇ ਰਾਜਿਆਂ ਦੇ ਅੰਗਰੇਜ਼ਾਂ ਵਲੋਂ ਕੀਤੇ ਤਹਿਸ-

ਨਹਿਸ ਸਮੇਂ ਹੋਈ। ਪਰ ਨਾਲ ਹੀ ਉਹ ਇਹ ਵੀ ਸਿੱਧ ਕਰਦਾ ਹੈ ਕਿ ਨਵਾਂ ਸਿਸਟਮ ਪੁਰਾਣੇ ਪ੍ਰਤੀ ਕੁਦਰਤੀ ਤੌਰ ਤੇ ਹੀ ਬੇਲਿਹਾਜ਼ ਹੁੰਦਾ ਹੈ। ਅਜਿਹੀ ਹੀ ਸਥਿਤੀ ਹਾਰਡੀ ਆਪਣੇ ਪ੍ਰਸਿੱਧ ਨਾਵਲ 'ਟੈੱਸ' ਵਿਚ ਚਿਤ੍ਰਿਤ ਕਰਦਾ ਹੈ। ਗੁਰਦਿਆਲ ਸਿੰਘ ਦੇ "ਮੜ੍ਹੀ ਦਾ ਦੀਵਾ" ਵਿਚ ਜ਼ਿਮੀਂਦਾਰ ਅਤੇ ਸੀਰੀ ਦੇ ਬਦਲਦੇ ਹੋਏ ਸਬੰਧ ਇਸੇ ਦੇ ਹੀ ਸੂਚਕ ਹਨ। ਇਸ ਦੀ ਇਕ ਹੋਰ ਵਧੀਆ ਮਿਸਾਲ ਗੋਲਡ ਸਮਿੱਥ ਦੀ ਲੰਬੀ ਕਵਿਤਾ "ਉਜੜਿਆ ਹੋਇਆ ਪਿੰਡ" ਹੈ, ਜਿਸ ਵਿੱਚ ਪੂੰਜੀਵਾਦ ਪੌਂਡੂ ਜਗੀਰਦਾਰੀ ਢਾਂਚੇ ਨੂੰ ਜੜੋਂ ਉਖਾੜਦਾ ਹੋਇਆ ਦਿਖਾਇਆ ਗਿਆ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਦੀ ਮਹਾਨਤਾ ਇਸ ਵਿਚ ਨਹੀਂ ਕਿ ਇਹ ਪੁਰਾਣੇ ਦੇ ਢਹਿਣ ਦੀ ਦੁਖਾਂਤਕ ਤਸਵੀਰ ਪੇਸ਼ ਕਰਕੇ ਪਾਠਕ ਦੀ ਹਮਦਰਦੀ ਉਸ ਨਾਲ ਜੋੜਦੀਆਂ ਹਨ, ਸਗੋਂ ਇਸ ਵਿਚ ਹੈ ਕਿ ਸਮਾਜਕ ਸਿਸਟਮ ਦੀ ਤਬਦੀਲੀ ਦਾ ਇਕ ਸੁਭਾਵਕ, ਪਰ ਡੂੰਘਾ ਅਹਿਸਾਸ ਪਾਠਕ ਵਿਚ ਪੈਦਾ ਕਰਦੀਆਂ ਹਨ। ਪੂਰਨ ਸਿੰਘ ਜਦੋਂ ਭਾਵੁਕ ਹੋ ਕੇ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਦਿੰਦਾ ਹੈ ਤਾਂ ਉਹ ਇਹ ਭੁੱਲ ਜਾਂਦਾ ਹੈ ਕਿ ਇਤਿਹਾਸ ਨੂੰ ਪੁੱਠਾ ਗੇੜਾ ਨਹੀਂ ਦਿੱਤਾ ਜਾ ਸਕਦਾ।

ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਵੱਲੀ-ਕੱਨਣ ਦਾ ਇਕ ਲੰਬਾ, ਪਰ ਵਧੀਆ ਲੇਖ 'ਆਰਸੀ' ਨੇ ਜਨਵਰੀ 86 ਦੇ ਅੰਕ 'ਚ ਛਾਪਿਆ ਹੈ -"ਸਭਿਆਚਾਰ ਦੇ ਭ੍ਰਿਸ਼ਟਾਚਾਰ"। ਇਸ ਵਿਚ ਲੇਖਕ ਪੂੰਜੀਵਾਦ ਦੇ ਲੋਕ-ਸਾਹਿਤ ਤੇ ਸੱਭਿਆਚਾਰ ਉਪਰ ਨਾਂਹ-ਪੱਖੀ ਅਸਰਾਂ ਨੂੰ ਵਿਸਥਾਰ ਸਹਿਤ ਸਾਹਮਣੇ ਲਿਆਉਂਦਾ ਹੈ ਅਤੇ ਇਹ ਸਿੱਟਾ ਕੱਢਦਾ ਹੈ-"ਸਭਿਆਚਾਰਕ 'ਪੁਨਰ-ਜਨੰਮ' ਦਾ ਮਿੱਥ (ਝੂਠ) ਸਿਵਾਏ ਇਹਦੇ ਕੁੱਝ ਵੀ ਨਹੀਂ ਕਿ ਸਭਿਆਚਾਰਕ ਨਿਘਾਰ ਤੇ ਪਤਨ ਦਾ ਪਸਾਰ ਕੀਤਾ ਜਾਵੇ।" (ਪੰਨਾ 32) 24 ਅਗਸਤ, 1980 ਦੇ 'ਨਵਾਂ ਜ਼ਮਾਨਾ' ਵਿਚ ਮੈਂ 'ਅਲੋਪ ਹੋ ਰਿਹਾ ਪੰਜਾਬੀ ਲੋਕ ਸਾਹਿਤ' ਉਨਵਾਨ ਤਹਿਤ ਇਸੇ ਤਰ੍ਹਾਂ ਦੇ ਨੁਕਤੇ ਪੇਸ਼ ਕੀਤੇ ਸਨ-"ਸਮਾਜ ਅੰਦਰ ਜਗੀਰਦਾਰ ਤੇ ਮੁਜ਼ਾਰੇ ਦੇ ਵਿਰੋਧ ਦੇ ਨਾਲ ਨਾਲ ਪੂੰਜੀਪਤੀ ਤੇ ਮਜ਼ਦੂਰ ਦਾ ਆਪਸੀ ਵਿਰੋਧ ਬੜੀ ਤੀਬਰਤਾ ਨਾਲ ਸਾਹਮਣੇ ਆ ਗਿਆ ਹੈ। ਸਿੱਟਾ ਇਹ ਹੋਇਆ ਹੈ ਕਿ ਇਸ ਟੁੱਟ-ਭੱਜ ਵਿਚ ਸਾਡੇ ਸਭਿਆਚਾਰ ਤੇ ਲੋਕ-ਸਾਹਿਤ ਦਾ ਪਿਛਲੇਰੇ ਸਮਾਜ ਨਾਲ ਸੰਬੰਧਤ ਅੰਸ਼ ਤਹਿਸ ਨਹਿਸ ਹੋ ਰਿਹਾ ਹੈ। ਇਹ ਤਬਦੀਲੀ, ਇਸੇ ਸੰਦਰਭ ਵਿਚ, ਸੁਭਾਵਕ ਕਹੀ ਜਾ ਸਕਦੀ ਹੈ ਤੇ ਇਹ ਕਿਸੇ ਵੀ ਸਭਿਆਚਾਰ ਤੇ ਸਾਹਿਤ ਦੇ ਜੀਵਨ ਤੇ ਵਿਕਾਸ ਲਈ ਜ਼ਰੂਰੀ ਹੁੰਦੀ ਹੈ।" ਇਸ ਤਬਦੀਲੀ ਦੀ ਪ੍ਰਕਿਰਿਆ ਵਿਚ ਹਾਕਮ ਜਮਾਤ ਦੇ ਬੁੱਧੀਜੀਵੀਆਂ ਦਾ ਕੀ ਰੋਲ ਹੈ-ਇਸ ਬਾਰੇ ਜਨਤਕ ਲਹਿਰਾਂ ਦੇ ਰਹਿਨੁਮਾਂ ਨੂੰ ਚੇਤੰਨ ਹੋਣ ਦੀ ਲੋੜ ਹੈ।

-ਇਕ ਪਾਸੇ ਧਾਰਮਕ ਹਲਕਿਆਂ ਦੇ 'ਬੁੱਧੀਜੀਵੀ' ਇਕ ਤਾਂ ਮੱਧਕਾਲ ਦੇ ਸਿੱਖੀ ਅੰਸੂਲਾਂ ਤੇ ਰਹਿਤ ਬਹਿਤ ਦੀ ਉੱਚਤਾ ਦਾ ਪ੍ਰਚਾਰ ਕਰਦੇ ਹਨ (ਜਿਵੇਂ ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਆਦਿ), ਦੂਜੇ ਰਾਮ ਰਾਜ ਦਾ ਪ੍ਰਚਾਰ ਕਰਕੇ ਪੁਰਾਣੀ ਸੰਸਕ੍ਰਿਤੀ ਨੂੰ ਪੁਨਰ ਜਾਗ੍ਰਿਤ ਕਰਨ ਦੇ ਆਹਰ ਵਿਚ ਹਨ (ਆਰ. ਐਸ. ਐਸ. ਦੇ ਬੁੱਧੀਜੀਵੀ ਸਮੇਤ ਮਹਾਤਮਾ ਗਾਂਧੀ ਆਦਿ)-ਦੂਜੇ ਪਾਸੇ ਸਰਮਾਏਦਾਰ ਹਲਕੇ ਪੈਸਾ ਕਮਾਉਣ ਲਈ ਲੋਕ-ਧੁਨਾਂ 'ਤੇ ਗੰਦੇ ਗੀਤਾਂ ਦੇ ਰਿਕਾਰਡ ਪ੍ਰਚਲਤ ਕਰਦੇ ਹਨ। ਸ਼ਹਿਰਾਂ ਦਾ ਪੜ੍ਹਿਆ ਲਿਖਿਆ ਤਬਕਾ ਜੇਕਰ ਬਲੂ ਫਿਲਮਾਂ ਦੇ ਅਸਰ ਤੋਂ ਬਚਿਆ ਵੀ ਰਹੇ (ਭਾਵੇਂ ਇਹ ਅਸੰਭਵ ਹੈ), ਪਰ ਉਹ ਮਾਰਧਾੜ, ਚੋਰੀ ਡਾਕਾ, ਜ਼ਬਰੇ ਜਿਨਾਹ ਅਤੇ ਅਮੀਰੀ ਠਾਠ ਦਿਖਾਕੇ ਅਜੀਬ ਮਾਨਸਿਕਤਾ ਪੈਦਾ ਕਰਨ ਵਾਲੀਆਂ ਹਿੰਦੀ ਫਿਲਮਾਂ ਦੇ ਮਾਰੂ ਅਸਰ ਤੋਂ ਬਚ ਨਹੀਂ ਸਕਦਾ। ਡਿਸਕੋ ਅਤੇ ਪੌਪ ਸੰਗੀਤ ਰਾਹੀਂ ਅਗਾਂਹ ਵਧੂ ਵਿਸ਼ੇ ਵੀ ਦਰਸਾਏ ਜਾ ਸਕਦੇ ਹਨ-ਇਸ ਬਾਰੇ ਕੋਈ ਸੰਦੇਹ ਨਹੀਂ। ਪਰ ਦੇਖਣ ਵਾਲੀ ਗੱਲ ਇਹ ਹੈ ਪੱਛਮੀਂ ਸੰਗੀਤ ਤੇ ਧੁਨਾਂ ਉਨ੍ਹਾਂ ਲੋਕਾਂ ਦੀ ਕੁਦਰਤੀ ਪ੍ਰਾਪਤੀ ਤਾਂ ਹੋ ਸਕਦੀ ਹੈ-ਉਹ ਜ਼ਰੂਰੀ ਨਹੀਂ ਕਿ ਸਾਡੇ ਮਾਹੌਲ ਦੇ ਅਨੁਕੂਲ ਵੀ ਹੋਣ, ਜਿਨ੍ਹਾਂ ਲੋਕਾਂ ਵਿਚ ਚੇਤੰਨ ਤੌਰ ਤੇ ਇਹ ਕੁੱਝ ਪ੍ਰਚੱਲਤ ਕੀਤਾ ਜਾ ਰਿਹਾ ਹੈ-ਉਨ੍ਹਾਂ ਨੂੰ ਇਸਦਾ ਅਗਾਂਹਵਧੂ ਪੱਖ ਨਹੀਂ ਸਗੋਂ ਚਮਕ-ਦਮਕ, ਤੜਕ-ਫੜਕ ਲੁਭਾਉਣਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਿੱਟਾ ਇਹ ਕਿ ਸੰਗੀਤ, ਸਾਹਿਤ ਤੇ ਸਭਿਆਚਾਰ ਦੇ ਹੋਰ ਅੰਗਾਂ ਦਾ ਬਾਹਰਲੇ ਦੇਸ਼ਾਂ ਨਾਲ ਅਦਾਨ-ਪ੍ਰਦਾਨ ਕਿਹੜੀ ਜਮਾਤ ਕਰਦੀ ਹੈ-ਹਾਕਮ ਜਮਾਤ ਜਾਂ ਲੁਟੀਂਦੀ ਜਨਤਾ-ਇਹ ਗੱਲ ਮਹੱਤਵਪੂਰਨ ਹੈ। ਹਾਕਮ ਜਮਾਤ ਦਾ ਇਰਾਦਾ ਨਾਪਾਕ ਹੈ। ਇਕ ਪਾਸੇ ਲੋਕ ਧੁਨਾਂ ਤੇ ਗੰਦੇ ਗੀਤ ਅਤੇ ਗੰਦਾ ਸਾਹਿਤ ਫੈਲਾ ਕੇ ਦੂਜੇ ਪਾਸੇ ਬਾਹਰਲੇ ਸੰਗੀਤ ਤੇ ਨਾਚਾਂ ਦਾ ਗੰਦਾ ਪੱਖ ਦਰਾਮਦ ਕਰਕੇ ਸਾਡੇ ਲੋਕਪੱਖੀ ਸਭਿ-ਆਚਾਰਕ ਅੰਸ਼ਾਂ ਨੂੰ ਤਬਾਹ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਜਦੋਂ ਮਜ਼ਦੂਰ ਜਮਾਤ ਆਪਣੇ ਕੰਟਰੋਲ 'ਚ ਅਜਿਹਾ ਅਦਾਨ ਪ੍ਰਦਾਨ ਕਰੇਗੀ ਤੇ ਇਸਦੇ ਬਿਲਕੁਲ ਉਲਟ ਵਾਪਰੇਗਾ।

-ਅਜਿਹੀ ਸਥਿਤੀ ਵਿਚ ਸੰਦਰਭ ਤੋਂ ਤੋੜ ਕੇ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿ 'ਜੇ ਤੁਸੀਂ ਬੀਤੇ ਤੇ ਗੋਲੀ ਚਲਾਉਗੇ, ਤਾਂ ਭਵਿਖ ਤੁਹਾਨੂੰ ਤੋਪ ਨਾਲ ਫੁੰਡੇਗਾ।' ਵੇਦ, ਗੁਰੂ-ਗ੍ਰੰਥ ਸਾਹਿਬ,

ਕੁਰਾਨ ਆਦਿ ਧਾਰਮਕ ਪੁਸਤਕਾਂ ਨੂੰ ਬੀਤੇ ਦੀ ਪ੍ਰਾਪਤੀ ਸਮਝ ਕੇ ਉਸਤੇ ਮਾਣ ਕਰਨਾ ਅਤੇ ਸਾਂਭ ਕੇ ਰੱਖਣਾ ਕੋਈ ਗ਼ਲਤ ਨਹੀਂ। ਰੋਜ਼ ਉਠਕੇ ਇਨ੍ਹਾਂ ਦਾ ਪਾਠ ਕਰਨਾ ਕੋਈ ਦੂਸਰੀ ਬਾਤ ਹੈ। ਮੇਰਾ ਖਿਆਲ ਹੈ ਕਿ ਤਾਜ ਮਹਿਲ ਨੂੰ ਬੀਤੇ ਦੀ ਕਾਰੀਗਰੀ ਸਮਝ ਕੇ ਸੰਭਾਲ ਰੱਖਣਾ ਚਾਹੀਦਾ ਹੈ। ਉਸ ਨੂੰ ਮਜ਼ਦੂਰਾਂ ਦੇ ਖ਼ੂਨ ਨਾਲ ਬਣੀ ਘਿਨ੍ਹਾਉਣੀ ਇਮਾਰਤ ਸਮਝ ਕੇ ਢਾਹ ਦੇਣਾ ਗਲਤੀ ਹੋਏਗੀ। ਚੀਨ ਦੇ 'ਸਭਿਆਚਾਰਕ ਇਨਕਲਾਬ' 'ਚ ਇਸ ਤਰ੍ਹਾਂ ਦੀਆਂ ਗਲਤੀਆਂ ਹੋਈਆਂ ਸਨ।

—ਮੇਰਾ ਖਿਆਲ ਹੈ ਕਿ ਕਾਲਜਾਂ ਸਕੂਲਾਂ ਦੀਆਂ ਸਟੇਜਾਂ ਤੇ ਸਾਂਭਣ ਨਾਲ ਗਿੱਧਾ ਭੰਗੜਾ ਨਹੀਂ ਸੰਭਾਲਿਆ ਜਾਏਗਾ, ਤੇ ਨਾ ਹੀ ਪਟਿਆਲਾ ਦੇ ਨਵੇਂ ਸਥਾਪਤ ਸਭਿਆਚਾਰਕ ਕੇਂਦਰ ਵਿਚ ਕਦੇ ਕਦਾਈਂ ਕਰਾਏ ਫੰਕਸ਼ਨਾਂ ਰਾਹੀਂ ਹੀ। ਜੇਕਰ ਸਮਾਜਕ ਤੌਰ ਨੇ ਇਸ ਦੀ ਮਨਜ਼ੂਰੀ ਦਿੱਤੀ ਤਾਂ ਇਹ ਲੋਕਾਂ ਵਿਚ ਜਿਊਂਦਾ ਰਹੇਗਾ। ਦੂਸਰੇ ਪਾਸੇ ਭਾਵੇਂ ਇਹ ਠੀਕ ਹੈ ਕਿ ਸਾਗ ਅਤੇ ਮੱਕੀ ਦੀ ਰੋਟੀ ਨਾਕਸ ਖੁਰਾਕ ਹੈ, ਪਰ ਜਿੰਨਾ ਚਿਰ ਇਸ ਤੋਂ ਇਲਾਵਾ ਲੋਕਾਂ ਨੂੰ ਹੋਰ ਵਧੀਆ ਖੁਰਾਕਾਂ ਮੁਹੱਈਆ ਨਹੀਂ ਹਨ, ਇਨ੍ਹਾਂ ਦੀ ਵਰਤੋਂ ਰੋਕੀ ਨਹੀਂ ਜਾ ਸਕਦੀ। ਫੁਲਕਾਰੀ ਨੂੰ ਕਲਾ ਦੀ ਵਸਤ ਸਮਝ ਕੇ ਅਜਾਇਬ ਘਰ 'ਚ ਰੱਖ ਦੇਣਾ ਕੋਈ ਮਾੜਾ ਨਹੀਂ, ਇਸ ਦੀ ਜ਼ਿੰਦਗੀ 'ਚ ਵਰਤੋਂ ਦਾ ਜਾਰੀ ਰਹਿਣਾ ਬੁਰਾ ਹੈ। 'ਹੀਰ ਵਾਰਿਸ', 'ਸੱਸੀ ਹਾਸ਼ਮ', 'ਪੀਲੂ ਦਾ ਮਿਰਜ਼ਾ' ਜਗੀਰਦਾਰੀ ਵੇਲੇ ਦੇ ਪੰਜਾਬ ਦੀਆਂ ਪ੍ਰਾਪਤੀਆਂ ਹਨ। ਜੇਕਰ ਲੋਕ ਹਾਲੇ ਤੱਕ ਇਨ੍ਹਾਂ ਨੂੰ ਗਾਉਂਦੇ ਹਨ ਤਾਂ ਕੋਈ ਬੁਰਾ ਨਹੀਂ—ਇਨ੍ਹਾਂ ਦੀਆਂ ਤਰਜ਼ਾਂ ਤੇ ਗੰਦੇ ਰਿਕਾਰਡ ਪ੍ਰਚੱਲਤ ਹੋਣਾ ਗ਼ਲਤ ਹੈ। ਧਿਆਨ ਦੇਣ ਯੋਗ ਗੱਲ ਇਹ ਵੀ ਹੈ ਕਿ ਹਾਕਮ ਜਮਾਤ ਦਾ ਮੰਤਵ ਸਾਨੂੰ ਆਪਣੇ ਸਭਿਆਚਾਰ ਦੀਆਂ ਪ੍ਰਾਪਤੀਆਂ ਨੂੰ ਭੁਲਾਣ ਦਾ ਵੀ ਹੁੰਦਾ ਹੈ। ਪੰਜਾਬੀ ਸਕੂਲਾਂ ਦੇ ਮੁਕਾਬਲੇ 'ਚ ਅੰਗਰੇਜ਼ੀ ਮਾਧਿਅਮ ਪਬਲਿਕ ਸਕੂਲਾਂ ਦਾ ਪ੍ਰਚਲਤ ਹੋਣਾਂ ਲੋਕਾਂ 'ਚ ਅਜਿਹੀ ਮਾਨਸਿਕਤਾ ਪੈਦਾ ਕਰਨ ਦਾ ਯਤਨ ਹੈ, ਜੋ 'ਨਾ ਘਰ ਦੀ ਹੋਵੇ ਨਾ ਘਾਟ ਦੀ'। ਹਾਕਮ ਜਮਾਤਾਂ ਦੇ ਹਮਲੇ ਦੇ ਸ਼ਿਕਾਰ ਲੋਕ ਵਿਚਕਾਰੇ ਹੀ ਲਟਕ ਰਹਿੰਦੇ ਹਨ, ਕਿਉਂਕਿ ਆਪਣੇ ਸੱਭਿਆਚਾਰ ਅਤੇ ਪਿਛੋਕੜ ਵਿਚੋਂ ਉਨ੍ਹਾਂ ਦੀਆਂ ਜੜ੍ਹਾਂ ਉਖੜ ਜਾਂਦੀਆ ਹਨ ਜੋ ਪਰਾਏ ਸਭਿਆਚਾਰ 'ਚ ਮੌਲ ਨਹੀਂ ਸਕਦੀਆਂ।

—ਹਾਕਮ ਜਮਾਤ ਦੇ ਉਪਰੋਕਤ ਹਮਲੇ ਦਾ ਸਹੀ ਜਵਾਬ ਤਾਂ ਹੀ ਦਿੱਤਾ ਜਾ ਸਕਦਾ, ਜੇਕਰ ਆਪਣੇ ਸਭਿਆਚਾਰ ਦੀ ਸਹੀ ਪਛਾਣ ਕਰੀਏ, ਉਸਦੇ ਵਿਕਾਸ ਦੇ ਹਾਣ ਦੇ ਤੱਤ ਸਾਂਭ ਕੇ ਰੱਖੀਏ, ਰੁਕਾਵਟ ਖੜੀ ਕਰਨ ਵਾਲੇ ਅੰਸ਼ਾਂ ਨੂੰ ਛੇਕ ਦੇਈਏ। ਹਾਕਮ ਜਮਾਤ ਦਾ ਹਰ ਵਿਚਾਰਧਾਰਕ ਪੱਧਰ ਤੇ ਮੁਕਾਬਲਾ ਕਰੀਏ। ਪਲਸ ਮੰਚ ਵਲੋਂ ਲੋਕ ਧੁਨਾਂ ਤੇ ਅਗਾਂਹਵਧੂ ਗੀਤਾਂ ਦੇ ਰਿਕਾਰਡ ਚਲਾਉਣਾ, ਵਧੀਆ ਸਾਹਿਤ ਛਪਵਾ, ਤੇ ਉਸ ਬਾਰੇ ਗੋਸ਼ਟੀਆਂ ਕਰਵਾਉਣਾ ਤੇ ਹੁਣ ਲੋਕ ਪੱਖੀ ਫਿਲਮਾਂ ਬਣਾਉਣ ਦੀ ਯੋਜਨਾ ਸਲਾਹੁਣਯੋਗ ਕਦਮ ਹਨ। ○○

---

## ਆਤੰਕਵਾਦੀ ਕੌਣ ਹਨ ?

## (ਸੁਖਦੇਵ ਮਾਹੀ ਵਲੋਂ ਇਕ ਟਿਪਣੀ ਤੇ ਸੰਪਾਦਕ ਦਾ ਜਵਾਬ)

ਭਾ ਜੀ, ਆਪ ਨੇ ਮਾਰਚ, 86 ਦੀ ਸਮਤਾ ਵਿਚ 'ਆਤੰਕਵਾਦੀ ਕੌਣ ਹਨ ? ਪੰਜਾਬ ਮਸਲੇ ਬਾਰੇ ਇਕ ਵਿਚਾਰ" ਉਤੇ ਆਪਣੇ ਵਿਚਾਰ ਪੇਸ਼ ਕੀਤੇ ਸਨ। ਜਿਹੜੇ ਕਿ ਅਸਲੀਅਤ ਤੋਂ ਦੂਰ ਸਨ। ਆਪ ਨੇ ਕਿਹਾ ਹੈ ਕਿ ਦਮਦਮੀ ਟਕਸਾਲ ਅਤੇ ਸਿਖ ਸਟੂਡੈਂਟ ਫੈਡਰੇਸ਼ਨ ਵਾਲੇ ਆਤੰਕਵਾਦੀ ਨਹੀਂ ਅਤੇ ਨਾ ਹੀ ਉਹਨਾਂ ਦਾ ਪੰਜਾਬ ਵਿਚ ਹੋ ਰਹੀ ਕਤਲੋਗਾਰਦ ਨਾਲ ਕੋਈ ਵਾਸਤਾ ਹੈ। ਜਦੋਂ ਕਿ ਸਮੇਂ ਨੇ ਸਾਬਤ ਕੀਤਾ ਹੈ ਕਿ ਪੰਜਾਬ ਵਿਚ ਬੇਕਸੂਰ ਲੋਕਾਂ ਦੇ ਕਤਲਾ ਨਾਲ ਇਨ੍ਹਾਂ ਦਾ ਅਤੇ ਖੁਫੀਆ ਏਜੰਸੀਆਂ ਦਾ ਡੂੰਘਾ ਸਬੰਧ ਹੈ। ਭਾ ਜੀ ਆਪ ਸ਼ਾਇਦ ਭੁਲ ਗਏ ਹੋ। ਥੋੜ੍ਹਾ ਬੀਤੇ ਤੇ ਝਾਤ ਮਾਰੀਏ ਤਾਂ ਇਹ ਮਾਮਲਾ ਸਪੱਸ਼ਟ ਹੋ ਜਾਂਦਾ ਹੈ। ਕੀ ਭਿੰਡਰਾਂ ਵਾਲੇ ਵਲੋਂ ਨਿਰੰਕਾਰੀ ਮੁਖੀ ਅਤੇ ਜਗਤ ਨਰਾਇਣ ਦੇ ਕਾਤਲਾਂ ਨੂੰ ਹਰਮੰਦਰ ਵਿਚ ਸੋਨੇ ਨਾਲ ਤੋਲਣ ਅਤੇ ਸਨਮਾਨਣ ਦੇ ਬਿਆਨਾਂ ਤੋਂ ਕੀ ਕਿਆਫ਼ਾ ਲਗਦਾ ਹੈ ? ਪੁਲੀਸ ਵਲੋਂ ਭਿੰਡਰਾਂ ਵਾਲੇ ਦੀ ਇਕ ਜੀਪ ਹਿਰਾਸਤ ਲੈਣ ਤੇ 5000 ਹਿੰਦੂ ਕਤਲ ਕਰਨ ਦੇ ਐਲਾਨ ਕਿਸ ਅਤਿਵਾਦੀ ਜਥੇਬੰਦੀ ਨੇ ਕੀਤੇ ਸਨ। ਭਾ ਜੀ ਉਪਰੋਕਤ ਵਿਚਾਰਾਂ ਰਾਹੀਂ ਤੁਸੀਂ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਨੂੰ ਪੰਜਾਬ ਦੀ ਕਤਲੋਗਾਰਦ ਤੋਂ ਸਾਫ ਬਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜੇ ਦਸੰਬਰ 1985 ਦੀ ਹੀ ਗੱਲ ਹੈ ਕਿ ਕਾਹਲੋਂ ਧੜੇ ਵਲੋਂ ਬਰਨਾਲਾ ਸਰਕਾਰ ਨੂੰ ਅਸਤੀਫ਼ਾ ਦੇਣ ਦੀ ਧਮਕੀ ਦਿੱਤੀ ਸੀ ਅਤੇ ਕਿਹਾ ਸੀ ਜੇਕਰ 27 ਦਸੰਬਰ ਤੱਕ ਬਰਨਾਲਾ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਅਸੀਂ ਅਜਿਹੀਆਂ ਕਾਰਵਾਈਆਂ ਕਰਾਂਗੇ ਜਿਸ ਨਾਲ ਬਰਨਾਲਾ ਸਰਕਾਰ ਅਸਤੀਫ਼ਾ ਦੇਣ ਲਈ ਮਜਬੂਰ ਹੋਵੇਗੀ। ਜਿਸ ਦੇ ਨਤੀਜੇ ਵਜੋਂ ਅੱਜ ਸ਼ਿਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੇ ਕਤਲ ਕੀਤੇ ਜਾ ਰਹੇ ਹਨ। ਭਾ ਜੀ ਪ੍ਰਤੱਖ ਪ੍ਰਮਾਣ ਦਾ ਮੁਥਾਜ ਨਹੀਂ ਜਿੰਨਾ ਲੋਕਾਂ ਨੇ ਪੰਜਾਬ ਦੀ ਸਥਿਤੀ ਤਬਾਹੀ ਵਾਲੀ ਕਰ ਦਿੱਤੀ ਹੋਵੇ। ਕੀ ਉਹਨਾਂ

ਦੇ ਪੱਖ ਦੀ ਗੱਲ ਕਰਨੀ ਲੋਕ-ਪੱਖੀ ਕਾਰਜ ਹੈ ? ਫਿਰ ਤਾਂ ਅਸੀਂ ਵੀ ਅਜਿਹੇ ਕਾਰਜ ਲਈ ਜੁਟ ਜਾਈਏ। ਲੋਕ ਅੱਜ ਕਿਸੇ ਪੱਖਪਾਤੀ ਰੁਝਾਨ ਤੋਂ ਤੰਗ ਹਨ।

—ਸੁਖਦੇਵ ਸਿੰਘ ਮਾਹੀ (ਫਾਜ਼ਿਲਕਾ)

ਸੁਖਦੇਵ ਜੀ,

ਮੈਂ 'ਪੰਜਾਬ ਦੇ ਮਸਲੇ ਬਾਰੇ ਇਕ ਵਿਚਾਰ' ਵਾਲੇ ਅਪਣੇ ਨੋਟ ਵਿਚ ਮੌਜੂਦਾ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਸੀ। ਮੈਂ ਹੁਣ ਵੀ ਸਮਝਦਾ ਹਾਂ ਕਿ ਦਮਦਮੀ ਟਕਸਾਲ ਇਕ ਧਾਰਮਕ ਮੂਲਵਾਦੀ ਸੰਸਥਾ ਹੈ। ਧਾਰਮਕ ਜਨੂੰਨ ਵਿਚ ਇਹ ਕਤਲੋਗਾਰਤ ਵੀ ਕਰ ਸਕਦੇ ਹਨ। ਲਾਲਾ ਜਗਤ ਨਰਾਇਨ ਜਾਂ ਨਿਰੰਕਾਰੀ ਗੁਰੂ ਦੇ ਕਤਲਾਂ ਦੀ ਇਸ ਸੰਸਥਾ ਵਲੋਂ ਪ੍ਰਵਾਨਗੀ ਵੀ ਕੋਈ ਗ਼ੈਰ ਕੁਦਰਤੀ ਨਹੀਂ। ਇਹਨਾਂ ਸਿਖ ਧਾਰਮਕ ਮੂਲਵਾਦੀਆ ਦੇ ਬਰਾਬਰ ਦੇ ਮੂਲਵਾਦੀ ਭਾਰਤ ਵਿਚ ਹਿੰਦੂ ਅਤੇ ਮੁਸਲਮਾਨ ਵੀ ਹਨ। ਇਹ ਦੇਸ਼ ਦੀ ਜਮਹੂਰੀ ਤਰਜ਼ੇ ਜ਼ਿੰਦਗੀ ਲਈ ਇਕ ਵੱਡਾ ਖਤਰਾ ਹਨ ਅਤੇ ਇਹ ਹਰ ਕਿਸਮ ਦੀ ਪ੍ਰਗਤੀ ਦੇ ਵਿਰੁਧ ਸਿੱਧ ਹੋਣਗੇ। ਇਹਨਾਂ ਦਾ ਮੁਕਾਬਲਾ ਫਲਸਫੇ ਦੇ ਆਧਾਰ ਤੇ ਕਰਨਾ ਜ਼ਰੂਰੀ ਹੈ। ਇਸੇ ਤਰ੍ਹਾਂ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਫਿਰਕਾ ਪ੍ਰਸਤੀ ਦੀ ਧਾਰਨਾ ਰਖਦੇ ਹਨ, ਜਿਨ੍ਹਾਂ ਦੇ ਮੁਕਾਬਲੇ ਵਿਚ ਸ਼ਿਵਸੈਨਾ ਜਾਂ ਇਤਹਾਦਉਲ ਮੁਸਲਮੀਨ ਵਰਗੀਆਂ ਜਮਾਤਾਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹਨ। ਫਿਰਕੂ ਦੰਗਿਆਂ ਵਿਚ ਇਹ ਜਮਾਤਾਂ ਅੱਗਾਂ ਲਗਾਉਣ ਜਾਂ ਦੂਜੇ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਵਾਲੀਆਂ ਕਾਰਵਾਈਆਂ ਵੀ ਕਰ ਸਕਦੇ ਹਨ। ਇਹ ਸਾਧਾਰਨ ਲੋਕਾਂ ਲਈ ਖਤਰਾ ਹਨ। ਇਹਨਾਂ ਦੀਆਂ ਕ੍ਰਿਪਾਨਾਂ, ਤ੍ਰਿਸ਼ੂਲ ਜਾਂ ਬਲਮਾਂ ਧਾਰਮਿਕ ਚਿੰਨ੍ਹ ਹੁੰਦਿਆਂ ਹੋਇਆਂ ਹਿੰਸਾ ਦੀਆਂ ਜ਼ਿੰਮੇਵਾਰ ਹਨ, ਪਰ ਫੇਰ ਵੀ ਇਹ ਜਥੇਬੰਦੀ ਦੇ ਤੌਰ ਤੇ ਉਹਨਾਂ ਆਤੰਕਵਾਦੀ ਕਾਰਵਾਈਆਂ ਦੀਆਂ ਜ਼ਿਮੇਵਾਰ ਨਹੀਂ, ਜੋ ਡਾਕੂਆਂ ਵਾਂਗ ਸਟੇਨਗੰਨਾਂ ਨਾਲ ਜੀਪਾਂ ਤੇ ਸੁਆਰ ਹੋ ਕੇ ਕਤਲ ਵੀ ਕਰਦੇ ਹਨ, ਬੈਂਕ ਵੀ ਲੁੱਟਦੇ ਹਨ ਤੇ ਸਕੂਟਰ ਵੀ ਖੋਂਹਦੇ ਹਨ। ਇਹ ਪੱਕੇ ਜ਼ਰਾਇਮ ਪੇਸ਼ਾ ਲੋਕਾਂ ਦਾ ਕੰਮ ਹੈ ਜਿਨ੍ਹਾਂ ਪਿਛੇ ਕੋਈ ਖੁਫੀਆਂ ਏਜੈਂਸੀ ਕੰਮ ਕਰ ਰਹੀ ਹੈ, ਜੋ ਹਰ ਇਕ ਕਤਲ ਦਾ,ਹਰ ਐਕਸ਼ਨ ਦਾ ਇਹਨਾ ਨੂੰ ਮੁੱਲ ਦੇਂਦੀ ਹੈ ਇਹ ਗੈਂਗ ਉਹਨਾਂ ਲੋਕਾਂ ਦਾ ਹੈ, ਜਿਨ੍ਹਾਂ ਨੇ ਧਾਰ ਲਈ ਹੈ ਕਿ ਇਕ ਕਤਲ ਦੀ ਸਜ਼ਾ ਵੀ ਫਾਂਸੀ ਹੈ ਤੇ ਬਹੁਤੇ ਕਤਲਾਂ ਦੀ ਸਜ਼ਾ ਵੀ ਫਾਂਸੀ ਹੈ। ਇਹਨਾਂ ਲੋਕਾਂ ਨੂੰ ਕਿਸੇ ਲੋਕ ਰਾਏ ਦੀ ਕੋਈ ਪ੍ਰਵਾਹ ਨਹੀਂ। ਇਹਨਾਂ ਦਾ ਕੋਈ ਸਿੱਧਾ ਸਿਆਸੀ ਮੰਤਵ ਵੀ ਨਹੀਂ, ਭਾਵੇਂ ਅਣਸੁਖਾਵੇਂ ਸਿਆਸੀ ਮਾਹੌਲ ਵਿਚ ਇਹਨਾਂ ਦਾ ਅਪਣੀਆਂ ਕਾਰਵਾਈਆਂ ਕਰਨਾ ਸੌਖਾ ਹੋ ਰਿਹਾ ਹੈ। ਦਮਦਮੀ ਟਕਸਾਲ ਤੇ ਸਿਖ ਸਟੂਡੈਂਟ ਫੈਡਰੇ-ਸ਼ਨ ਦੇ ਅਪਣੇ ਵਿਸ਼ੇਸ਼ ਮੰਤਵ ਹਨ ਜੋ ਇਸ ਦਹਿਸ਼ਤ ਪਸੰਦ ਗਰੋਹ ਦੇ ਮੰਤਵਾਂ ਨਾਲ ਬਹੁਤਾ ਸਬੰਧ ਨਹੀਂ ਰਖਦੇ। ਉਂਝ ਅਸਿੱਧੇ ਤੌਰ ਤੇ ਇਹ ਇਕ ਦੂਜੇ ਦੇ ਸਹਿਯੋਗੀ ਜ਼ਰੂਰ ਸਾਬਤ ਹੋ ਰਹੇ ਹਨ। ਮੇਰਾ ਇਹ ਕਹਿਣ ਦਾ ਮਤਲਬ ਨਹੀਂ ਕਿ ਮੈਂ ਦਮਦਮੀ ਟਕਸਾਲ ਜਾਂ ਸਿਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਨੂੰ ਪੰਜਾਬ ਦੀ ਮੌਜੂਦਾ ਸਥਿਤੀ ਵਿਗਾੜਣ ਦੀ ਜ਼ਿਮੇਵਾਰੀ ਤੋਂ ਬਰੀ ਕਰਦਾ ਹਾਂ (ਮੈਂ ਇਸ ਜ਼ਿੰਮੇਵਾਰੀ ਤੋਂ ਕੇਂਦਰੀ ਸਰਕਾਰ, ਬਰਨਾਲਾ ਸਰਕਾਰ ਅਤੇ ਹਿੰਦੂ ਤੇ ਸਿਖ ਫਿਰਕਾਪ੍ਰਸਤਾਂ ਨੂੰ ਵੀ ਬਰੀ ਨਹੀਂ ਸਮਝਦਾ) ਪਰ ਮੈਂ ਇਹ ਜ਼ਰੂਰ ਚਾਹੁੰਦਾ ਹਾਂ ਕਿ ਇਹਨਾਂ ਨੂੰ ਉਸ ਆਤੰਕਵਾਦ ਨਾਲ ਨਾ ਜੋੜਿਆ ਜਾਏ ਜਿਹੜਾ ਕਿਸੇ ਖੁਫੀਆ ਏਜੈਂਸੀ ਵਲੋਂ ਵੱਡੀ ਸਾਜ਼ਿਸ਼ ਦਾ ਭਾਗ ਹੈ। ਮਸਲਿਆਂ ਦਾ ਸਹੀ ਵਿਸ਼ਲੇਸ਼ਣ ਇਹਨਾਂ ਨਾਲ ਨਿਬੜਣ ਵਿਚ ਸਹਾਈ ਹੋ ਸਕਦਾ ਹੈ।

—ਗੁਰਸ਼ਰਨ ਸਿੰਘ

---

## ਇਕ ਹੋਰ ਚਿੱਠੀ ਤੇ ਸੰਪਾਦਕ ਵਲੋਂ ਜਵਾਬ

ਗੁਰਸ਼ਰਨ ਭਾਅ ਜੀ, ਲਾਲ ਸਲਾਮ

ਅਸੀਂ ਤੁਹਾਡੇ ਨਾਲ ਦੋ ਸੰਵਾਲਾਂ ਬਾਰੇ ਗੱਲ ਕਰਨੀ ਚਾਹੁੰਦੇ ਹਾਂ ਆਸ ਹੈ ਤੁਸੀਂ ਜ਼ਰੂਰ ਜਵਾਬ ਦੇਵੋਗੇ।

ਪਹਿਲੀ PSU ਵੱਲੋਂ AISSF ਨਾਲ ਦਿਤੇ ਸਾਂਝੇ ਐਕਸ਼ਨਾਂ ਦੇ ਸੱਦੇ ਤੇ ਤੁਸਾਂ ਨੇ ਇਨਕਲਾਬੀ ਸੁਨੇਹਾ ਭੇਜਿਆ। ਜਿਸ 'ਚ ਤੁਸਾਂ ਇਸ ਸਾਂਝੇ ਐਕਸ਼ਨ ਨੂੰ ਗ਼ਲਤ ਆਖਿਆ। ਸਾਡਾ ਸਵਾਲ ਇਹ ਹੈ ਕਿ ਸਾਂਝੀ ਸਰਗਰਮੀ ਦਾ ਅਧਾਰ ਕੀ ਹੁੰਦਾ ਹੈ ? ਸਾਂਝੀਆਂ ਮੰਗਾਂ ਤੇ ਸਾਂਝੇ ਦੁਸ਼ਮਣ ਖਿਲਾਫ ਲੜਾਈ ਕੀ ਸਾਂਝੀ ਸਰਗਰਮੀ ਦਾ ਅਧਾਰ ਨਹੀਂ ? ਜੇ ਨਹੀਂ ਤਾਂ ਕਾ. ਮਾਓ ਦੇ ਇਹ ਕਥਨ ਕਿ 'ਦੁਸ਼ਮਣ ਦਾ ਦੁਸ਼ਮਣ, ਸਾਡਾ ਦੋਸਤ' ਗਲਤ ਹਨ। ਅਗਲੀ ਗੱਲ ਸਾਂਝੀਆਂ ਮੰਗਾਂ ਬਾਰੇ ਇਹ ਆਖਿਆ ਜਾਂਦਾ ਹੈ ਕਿ ਮੰਗਾਂ ਤਾਂ ਕੋਈ ਵੀ ਚੁੱਕ ਸਕਦਾ ਹੈ। ਭਾਅ ਜੀ, ਸਾਡਾ ਮੱਤ ਹੈ ਕਿ ਹਰੇਕ ਜਮਾਤ ਆਪਣੇ ਜਮਾਤੀ ਹਿੱਤਾਂ ਤਹਿਤ ਮੰਗਾਂ ਨੂੰ ਚੁੱਕਦੀ ਹੈ। ਕੋਈ ਵੀ ਪਾਰਟੀ ਆਪਣੇ ਪ੍ਰੋਗਰਾਮ ਤੋਂ ਬਾਹਰ ਕਿਸੇ ਮੰਗ ਨੂੰ ਨਹੀਂ ਚੁੱਕਦੀ, ਜਿਵੇਂ ਸੂਬਿਆਂ ਨੂੰ ਖੁਦਮੁਖਤਿਆਰੀ ਦੀ ਮੰਗ ਨੂੰ ਕਾਂਗਰਸ ਪਾਰਟੀ ਕਦੇ ਵੀ ਨਹੀਂ ਚੁਕੇਗੀ, ਕਿਉਂਕਿ ਇਹ ਕਾਂਗਰਸੀ ਹਾਕਮਾਂ ਦੇ ਜਮਾਤੀ ਹਿੱਤਾਂ ਨਾਲ ਮੇਲ ਨਹੀਂ ਖਾਂਦੀ। ਅਗਲੀ ਗੱਲ ਜੋ ਸਾਂਝੀ ਸਰਗਰਮੀ ਨਾਲ ਜੁੜਦੀ ਹੈ ਉਹ ਇਹ ਹੈ ਕਿ ਫੈਡਰੇਸ਼ਨ ਮੁੱਖ ਦੁਸ਼ਮਣ ਵੀ ਹੈ ਕਿ ਨਹੀਂ ? ਸਾਡਾ ਮੱਤ ਹੈ—ਨਹੀਂ। ਅੱਜ ਮੁੱਖ ਦੁਸ਼ਮਣ ਕੇਂਦਰੀ

ਕਾਂਗਰਸੀ ਹਾਕਮ ਹਨ ਜਿਹੜੇ ਘੱਟ ਗਿਣਤੀਆਂ ਨਾਲ ਧੱਕਾ ਅਤੇ ਵਿਤਕਰਾ ਕਰ ਰਹੇ ਹਨ (ਜੇ ਵਿਆਖਿਆ ਦੀ ਲੋੜ ਹੋਈ ਤਾਂ ਅਗਲੀ ਚਿੱਠੀ ਰਾਹੀਂ ਕਰਾਂਗੇ) ਜੋ ਫਿਰਕੂ ਦੰਗਿਆਂ ਲਈ ਅਧਾਰ ਪੈਦਾ ਕਰ ਰਹੇ ਹਨ। ਸਿੱਖ ਫੈਡਰੇਸ਼ਨ ਸਾਡੀ ਜਮਾਤੀ ਦੁਸ਼ਮਣ ਨਹੀਂ ਹੈ। ਅਗਲੀ ਗੱਲ ਜੇਕਰ ਪੀ. ਐਸ. ਯੂ. ਵੱਲੋਂ ਚੁੱਕੀਆਂ ਮੰਗਾਂ ਫਿਰਕੂ ਹਨ ਤਾਂ ਤੁਹਾਡੇ ਵੱਲੋਂ ਕੀਤੀ ਜਾਂਦੀ ਮੰਗ ਕਿ ਸਾਰੇ ਨੌਜਵਾਨ ਰਿਹਾਂ ਕੀਤੇ ਜਾਂਣ, ਬਾਗੀ ਫੌਜੀ ਬਹਾਲ ਕੀਤੇ ਜਾਣ, ਫਿਰਕੂ ਨਹੀਂ ? ਸਾਡਾ ਜਵਾਬ ਹੈ—ਨਹੀਂ, ਸਾਨੂੰ ਇਸ ਮੰਗ ਤੇ ਲੜਨਾ ਚਾਹੀਦਾ ਹੈ। ਭਲਾ ਜੇ ਸਿੱਖ ਫੈਡਰੇਸ਼ਨ ਲੜਦੀ ਹੈ ਤਾਂ ਕੀ ਮਾੜੀ ਗੱਲ ਹੈ ?

2. ਦੂਜਾ ਸਵਾਲ ਇਹ ਕਿ ਤੁਸਾਂ ਸਮਤਾ 'ਚ ਇਕ ਚਿੱਠੀ ਦੇ ਜਵਾਬ 'ਚ ਕਿਹਾ ਕਿ ਸਤਲੁਜ-ਜਮਨਾ ਲਿੰਕ ਨਹਿਰ ਨਿਕਲਣੀ ਚਾਹੀਦੀ ਹੈ। ਕਿਉਂਕਿ ਹਰਿਆਣੇ ਦੇ ਲੋਕ ਵੀ ਸਾਡੇ ਲੋਕ ਹੀ ਹਨ। ਭਾਅ ਜੀ, ਸਾਡਾ ਸਵਾਲ ਇਹ ਹੈ ਕਿ ਪੰਜਾਬ ਦੇ ਪਾਣੀ ਤੇ ਹੱਕ ਕਿਸ ਦਾ ਹੋਵੇ, ਕੇਂਦਰੀ ਸਰਕਾਰ ਦਾ ਜਾਂ ਪੰਜਾਬੀ ਲੋਕਾਂ ਦਾ ? ਦੂਜਾ ਕੀ ਪੰਜਾਬ ਕੋਲ ਵਾਧੂ ਪਾਣੀ ਹੈ ਜਾਂ ਨਹੀਂ ? ਪਹਿਲ ਤਾਂ ਪੰਜਾਬ ਦੇ ਪਾਣੀ ਤੇ ਪੰਜਾਬ ਦਾ ਹੱਕ ਬਣਦਾ ਹੈ। ਕਿਉਂਕਿ ਸਤਲੁਜ ਦਰਿਆ ਪੰਜਾਬ ਦੀ ਧਰਤੀ 'ਚੋਂ ਵਹਿੰਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਵੀ ਪੰਜਾਬ ਦੇ ਪਾਣੀ ਤੇ ਪੰਜਾਬ ਦਾ ਹੱਕ ਬਣਦਾ ਹੈ। ਕਿ ਪੰਜਾਬ ਕਿਸੇ ਨੂੰ ਪਾਣੀ ਦੇਵੇ ਜਾਂ ਨਾਂ ਦੇਵੇ। ਦੂਜੀ, ਪੰਜਾਬ ਕੋਲ ਇਕ ਘੁੱਟ ਵੀ ਪਾਣੀ ਵਾਧੂ ਨਹੀਂ ਹੈ। ਪੰਜਾਬ ਦੀ ਭੂਮੀ ਲਈ 530 ਲੱਖ ਏਕੜ ਪਾਣੀ ਦੀ ਲੋੜ ਹੈ। ਪਰ ਪੰਜਾਬ ਦੇ ਤਿੰਨਾਂ ਦਰਿਆਵਾਂ ਸਤਲੁਜ, ਰਾਵੀ, ਬਿਆਸ ਦਾ ਕੁਲ ਪਾਣੀ 320 ਲੱਖ ਏਕੜ ਫੁਟ ਹੈ। ਬਾਕੀ ਪੰਜਾਬ 'ਚ ਵੱਧ ਭੂਮੀ ਧਰਤੀ 'ਚੋਂ ਟਿਊਬਵੈਲਾਂ ਰਾਹੀਂ ਪਾਣੀ ਕੱਢ ਕੇ ਸਿੰਜੀ ਜਾਂਦੀ ਹੈ ਜਿਸ ਨਾਲ ਪਾਣੀ ਨਹਿਰੀ ਪਾਣੀ ਤੋਂ ਕਈ ਗੁਣਾਂ ਮਹਿੰਗਾ ਪੈਂਦਾ ਹੈ। ਬਾਕੀ ਧਰਤੀ 'ਚ ਪਾਣੀ ਹੇਠਾਂ ਨੂੰ ਜਾਂਦਾ ਰਹਿੰਦਾ ਹੈ, ਜਿਸ ਨਾਲ ਭੂਮੀ ਦੀ ਉਪ-ਜਾਊ ਸ਼ਕਤੀ ਘਟ ਜਾਂਦੀ ਹੈ। ਪਿਛਲੇ ਸਮੇਂ 'ਚ ਲੱਗ ਭੱਗ 10 ਮੀਟਰ ਪਾਣੀ ਕਈ ਥਾਵਾਂ ਤੇ ਹੇਠਾਂ ਚਲਾ ਗਿਆ ਹੈ ਕਿ ਜੇਕਰ ਇਹੀ ਰਫਤਾਰ ਰਹੀ ਤਾਂ ਪੰਜਾਬ ਦੀ ਭੂਮੀ ਬੰਜਰ ਨਹੀਂ ਹੋ ਜਾਵੇਗੀ।

ਅਗੇ ਅਸੀਂ ਮਾਲਕੀ ਦੇ ਵਿਸ਼ੇ ਤੇ ਉਦਾਹਰਣ ਦਿੰਦੇ ਹਾਂ। ਮੰਨ ਲਓ ਕਿ ਕਿਸੇ ਕਿਸਾਨ ਦੇ ਖੇਤ 'ਚ ਟਿਊਬਵੈਲ ਲੱਗਾ ਹੋਇਆ ਹੈ। ਜਿਸਦੇ ਪਾਣੀ ਨੂੰ ਪਿੰਡ ਦਾ ਕੋਈ ਨੰਬਰਦਾਰ ਧੱਕੇ ਨਾਲ ਕੱਢਣਾ ਚਾਹੁੰਦਾ ਹੈ। ਤਾਂ ਉਹ ਕਿਸਾਨ ਕਦੇ ਵੀ ਧੱਕੇ ਨਾਲ ਪਾਣੀ ਨੂੰ ਜਾਣ ਨਹੀਂ ਦੇਵੇਗਾ, ਆਪਣੀ ਜ਼ਿੰਦਗੀ ਲਾ ਦੇਵੇਗਾ। ਇਹ ਗੱਲ ਪੰਜਾਬ ਅਤੇ ਕੇਂਦਰ ਤੇ ਢੁਕਦੀ ਹੈ।

ਵੱਲੋਂ—ਗੁਰਮੀਤ ਸਿੰਘ ਸਰਕਾਰੀ ਕਾਲਜ ਸੁਨਾਮ
ਬਲਵਿੰਦਰ ਸਿੰਘ ਸਰਕਾਰੀ ਆਈ.ਟੀ.ਆਈ. ਸੁਨਾਮ
ਗੁਰਮੇਲ ਸਿੰਘ 'ਜਵੰਧਾ' " " "
ਨਾਇਬ ਸਿੰਘ, ਪਿਆਰਾ ਸਿੰਘ, ਅਵਤਾਰ ਸਿੰਘ ਪੱਪੂ, ਦਰਸ਼ਨ ਸਿੰਘ, ਜਸਵੀਰ ਚਾਹਿਲ, ਰਾਮਪਾਲ

ਵਿਦਿਆਰਥੀ ਸਾਥੀਓ,

ਪੀ. ਐਸ ਯੂ. ਅਤੇ ਸਿਖ ਸਟੂਡੈਂਟ ਫੈਡਰੇਸ਼ਨ ਵਲੋਂ ਕਿਸੇ ਸਾਂਝੀ ਕਾਰਵਾਈ ਬਾਰੇ ਜੋ ਤੁਸੀਂ ਸਵਾਲ, ਕੀਤਾ ਹੈ, ਉਹਦਾ ਦਲੀਲ ਦੇ ਪੱਖ ਤੋਂ ਇਹੀ ਜਵਾਬ ਹੈ ਕਿ ਦੁਸ਼ਮਣ ਦਾ ਦੁਸ਼ਮਣ, ਹਰ ਵੇਲੇ ਦੋਸਤ ਨਹੀਂ ਹੁੰਦਾ। ਇਹ ਕਿਸ ਵੇਲੇ ਦੋਸਤ ਸਾਬਤ ਹੋ ਸਕਦਾ ਹੈ ਇਹ ਹਾਲਤ ਤੇ ਨਿਰਭਰ ਹੈ। ਕਾਮਰੇਡ ਮਾਓ ਨੇ ਇਹ ਕਥਨ ਜਾਪਾਨੀਆਂ ਦੇ ਵਿਰੁਧ ਚੀਨ ਦੇ ਲੋਕਾਂ ਦੀ ਜੰਗ ਦੇ ਸੰਧਰਭ ਵਿਚ ਕਿਹਾ ਸੀ। ਉਸ ਵੇਲੇ ਚੀਨ ਦੇ ਕਮਿਊ-ਨਿਸਟਾਂ ਨੇ ਚਾਂਗ ਕੀ ਸ਼ੇਕ ਦੇ ਵਿਰੁਧ ਸੰਘਰਸ਼ ਨਾਲੋਂ ਉਹਦੇ ਨਾਲ ਸਾਂਝ ਪਾਕੇ ਜਾਪਾਨੀ ਸਾਮਰਾਜੀਆਂ ਦੇ ਵਿਰੁਧ ਜੰਗ ਨੂੰ ਪਹਿਲ ਦਿਤੀ। ਉਹਨਾਂ ਕੋਲ ਇਕ ਤਾਕਤ ਸੀ ਤੇ ਉਹਨਾਂ ਨੂੰ ਇਹ ਵੀ ਯਕੀਨ ਸੀ ਕਿ ਚਾਂਗਕੀ ਸ਼ੇਕ ਜੇਕਰ ਕੋਈ ਬੇਈਮਾਨੀ ਕਰੇਗਾ ਤਾਂ ਉਹ ਉਹਦੇ ਨਾਲ ਨਿਬੜ ਸਕਣਗੇ। ਉਹ ਅਪਣੇ ਦਾਓ ਪੇਚ ਵਿਚ ਕਾਮਯਾਬ ਹੋਏ। ਜਪਾਨੀਆਂ ਦੇ ਵਿਰੁਧ ਲੜਦੇ ਹੋਏ ਉਹਨਾਂ ਨੇ ਅਪਣੀ ਸ਼ਕਤੀ ਨੂੰ ਵਧਾਇਆ ਅਤੇ ਬਾਅਦ ਵਿਚ ਚੀਨ ਦਾ ਇਨਕਲਾਬ ਕਰਨ ਵਿਚ ਕਾਮਯਾਬ ਹੋਏ। ਕਿਸੇ ਹੋਰ ਪ੍ਰਸੰਗ ਵਿਚ ਇਹੋ ਦਾਓ ਪੇਚ ਈਰਾਨ ਵਿਚ ਬਿਲਕੁਲ ਫੇਲ ਹੋਇਆ। ਸ਼ਾਹ ਇਰਾਨ ਦੇ ਵਿਰੁਧ ਮੁਸਲਮਾਨ ਮੂਲਵਾਦੀ ਖੁਮਿਆਨੀ ਵੀ ਲੜ ਰਿਹਾ ਸੀ ਤੇ ਈਰਾਨ ਦੇ ਕਮਿਊਨਿਸਟ ਵੀ ਲੜ ਰਹੇ ਸਨ। ਦੋਨਾਂ ਨੇ ਸਾਂਝੀਆਂ ਕਾਰਵਾਈਆਂ ਵੀ ਕੀਤੀਆਂ ਪਰ ਖੁਮਿਆਨੀ ਨੇ ਹਕੂਮਤ ਸਾਂਭਦਿਆਂ ਪਹਿਲਾ ਕਦਮ ਜੋ ਚੁਕਿਆ, ਉਹ ਕਮਿਊਨਿਸਟਾਂ ਦਾ ਸਫਾਇਆ ਸੀ। ਸਿਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਦਾ ਸਿਧਾਂਤਕ ਆਧਾਰ ਸਿੱਖ ਮੂਲਵਾਦੀ ਕਦਰਾਂ ਕੀਮਤਾਂ ਹਨ ਉਹਨਾਂ ਦਾ ਕੇਂਦਰ ਵਿਰੁਧ ਸੰਘਰਸ਼ ਦਾ ਆਧਾਰ ਵੀ ਇਹੋ ਹੈ। ਸਾਡਾ ਕੇਂਦਰ ਦੇ ਵਿਰੁੱਧ ਸੰਘਰਸ਼ ਦਾ ਆਧਾਰ ਉਹਦੀਆਂ ਸਰਮਾਏ-ਦਾਰਨਾਂ ਕੀਤੀਆਂ ਅਤੇ ਮੇਹਨਤਕਸ਼ ਜਮਾਤ ਦੀ ਲੁੱਟ-ਖਸੁੱਟ ਹੈ। ਹਿੰਦੂ ਮੂਲਵਾਦੀਆਂ ਨੂੰ ਸ਼ਹਿ ਦੇਣੀ ਕੇਂਦਰ ਦਾ ਇਸ ਵੇਲੇ ਦਾਓ ਪੇਚ ਹੈ (ਜਵਾਹਰ ਲਾਲ ਨਹਿਰੂ ਵੇਲੇ ਉਸ ਦਾ ਦਾਓ ਪੇਚ ਇਸ ਮੂਲਵਾਦ ਵਿਰੁਧ ਲੜਨਾ ਵੀ ਰਿਹਾ ਹੈ)। ਸਾਨੂੰ ਇਹ ਗੱਲਾਂ ਸਮਝਣੀਆਂ ਚਾਹੀਦੀਆਂ ਹਨ। ਨੰਗੀਆਂ ਕ੍ਰਿਪਾਨਾਂ ਲੈ ਕੇ ਜਲੂਸ ਕਢਣੇ ਤੇ ਦੂਜੇ

ਫਿਰਕੇ ਦੇ ਆਮ ਲੋਕਾਂ ਵਿਚ ਦਹਿਸ਼ਤ ਪਾਉਣੀ, ਇਹੋ ਜਿਹੀਆਂ ਕਾਰਵਾਈਆਂ ਨਾਲ ਸਾਂਝ ਰੱਖਣੀ ਕੋਈ ਸਿਆਣਪਤਾ ਨਹੀਂ। ਪੀ.ਐਸ.ਯੂ. ਦਾ ਹਮੇਸ਼ਾਂ ਮਹਿੰਦਰ ਸਿੰਘ ਅਤੇ ਮਹਿੰਦਰ ਕੁਮਾਰ ਦੀ ਸਾਂਝੀ ਸੰਸਥਾ ਦਾ ਚਰਿਤ੍ਰ ਰਿਹਾ ਹੈ। ਉਹ **ਮਹਿੰਦਰ ਸਿੰਘ ਖਾਲਸਾ** ਨਾਲ ਜੇਕਰ ਸਾਂਝ ਪਾਏਗੀ ਤੇ ਉਹਦਾ ਇਹ ਚਰਿਤ੍ਰ ਨਹੀਂ ਰਹਿ ਸਕਦਾ। ਦੋਨੋਂ ਧਿਰਾਂ ਜੇਕਰ ਇਮਾਨਦਾਰੀ ਨਾਲ ਸੋਚਣ ਤਾਂ ਉਹ ਵੀ ਇਸੇ ਨਤੀਜੇ ਤੇ ਪੁਜਣਗੀਆਂ। ਮੌਕਾਪ੍ਰਸਤੀ ਹਮੇਸ਼ਾਂ ਬੇਈਮਾਨ ਹੁੰਦੀ ਹੈ। ਪੀ. ਐਸ. ਯੂ. ਤੇ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਕੁਝ ਵੀ ਸਾਂਝਾ ਨਹੀਂ ਹੈ। ਸਾਂਝੇ ਦੁਸ਼ਮਣ ਵਾਲੀ ਦਲੀਲ ਐਵੇਂ ਪੇਤਲਾ ਜਿਹਾ ਬਹਾਨਾ ਹੀ ਹੈ।

o ਸਿੱਖ ਨੌਜਵਾਨਾਂ ਦੀ ਰਿਹਾਈ ਅਤੇ ਜਜ਼ਬਾਤ ਵਿਚ ਆਏ ਬਾਗ਼ੀ ਫ਼ੌਜੀਆਂ ਦੀ ਬਹਾਲਤਾ ਇਕ ਜਮਹੂਰੀ ਮੰਗ ਹੈ। ਪੰਜਾਬ ਦੇ ਵਿਚ ਸੁਖਾਵਾਂ ਵਾਤਾਵਰਨ ਬਨਾਉਣ ਲਈ ਵੀ ਇਹ ਜ਼ਰੂਰੀ ਮੰਗ ਹੈ। ਸਾਡੇ ਵਲੋਂ ਇਸ ਮੰਗ ਦਾ ਆਧਾਰ ਵੀ ਸਮੁੱਚੇ ਦੇਸ਼ ਵਿਚ ਜਮਹੂਰੀ ਵਾਤਾਵਰਨ ਬਨਾਉਣ ਦਾ ਆਧਾਰ ਹੈ, ਇਹ ਸਾਡੀ ਸਿਆਸਤ ਹੈ। ਇਸ ਵੇਲੇ ਸਿੱਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਦੀ ਵੀ ਇਹ ਮੰਗ ਹੈ, ਪਰ ਉਹਨਾਂ ਦੀ ਮੰਗ ਦਾ ਆਧਾਰ ਸਾਡੇ ਆਧਾਰ ਨਾਲੋਂ ਬਿਲਕੁਲ ਵੱਖ ਹੈ। ਇਸ ਲਈ ਸਾਨੂੰ ਆਪਣੇ ਆਧਾਰ ਤੇ ਅਜ਼ਾਦਾਨਾ ਤੌਰ ਤੇ ਇਸ ਮੰਗ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਇਸ ਮੰਗ ਤੇ ਵੀ ਕੋਈ ਸਾਂਝੀ ਕਾਰਵਾਈ ਸਾਡੇ ਸਾਰੇ ਆਧਾਰ ਨੂੰ ਖੋਰ ਦੇਵੇਗੀ। ਇਸ ਬਾਰੇ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ। ਸਾਡੀ ਮੰਗ ਦਾ ਪੈਂਤੜਾ ਸਿਆਸੀ ਕੈਦੀਆਂ ਦੀ ਰਿਹਾਈ ਦਾ ਪੈਂਤੜਾ ਹੈ। ਸਿੱਖ ਸਟੂਡੈਂਟ ਫੈਡਰੇਸਨ ਵਾਲਿਆਂ ਦਾ ਪੈਂਤੜਾ ਹੈ ਕਿ ਸਿੱਖਾਂ ਨੂੰ ਹੱਕ ਹੈ ਕਿ ਉਹ ਨੰਗੀਆਂ ਕ੍ਰਿਪਾਨਾਂ ਨਾਲ ਜਲੂਸ ਕੱਢਣ, ਗੁਰਦਵਾਰਿਆਂ ਵਿਚ ਹਰ ਕਿਸਮ ਦਾ ਫਿਰਕੂ ਪ੍ਰਚਾਰ ਕਰਨ, ਗੁਰਦੁਆਰਿਆਂ ਵਿਚ ਅਸਲਾ ਜਮ੍ਹਾ ਕਰਨ ਆਦਿਕ। ਇਹ ਕਰਨ ਵਿਚ ਕਿਸੇ ਕਿਸਮ ਦੀ ਪਾਬੰਦੀ ਨੂੰ ਉਹ ਸਿੱਖ ਧਰਮ ਵਿਚ ਦਖਲ-ਅੰਦਾਜ਼ੀ ਦਾ ਨਾਂ ਦੇਂਦੇ ਹਨ। ਅਸੀਂ ਇਸ ਦੇ ਵਿਰੁਧ ਹਾਂ। ਅਸੀਂ ਇਸ ਗੱਲ ਦੇ ਵੀ ਵਿਰੁਧ ਹਾਂ ਕਿ ਤ੍ਰਿਸ਼ੂਲ ਮਾਰਚ ਹੋਣ ਜਾਂ ਮੰਦਰਾਂ ਵਿਚ ਫ਼ਿਰਕੂ ਸਿਆਸਤ ਦਾ ਅੱਡਾ ਬਣੇ, ਭਾਵ ਅਸੀਂ ਧਰਮ ਦੇ ਨਾਂ ਤੇ ਫਿਰਕੂ ਸਿਆਸਤ ਦੇ ਵਿਰੁਧ ਹਾਂ, ਭਾਵੇਂ ਉਹਨਾਂ ਦਾ ਆਧਾਰ ਗੁਰਦੁਆਰਾ ਹੋਵੇ, ਮੰਦਰ ਹੋਵੇ, ਮਸੀਤ ਹੋਵੇ। ਇਹਨਾਂ ਫਰਕਾਂ ਕਰਕੇ ਅਸੀਂ ਇਹਨਾਂ ਸੰਸਥਾਵਾਂ ਨਾਲ ਕੋਈ ਵੀ ਸਾਂਝੀ ਕਾਰਵਾਈ ਨਹੀਂ ਕਰ ਸਕਦੇ।

o ਸਤਲੁਜ ਯਮਨਾ ਨਹਿਰ ਦੀ ਖੁਦਵਾਈ ਇਕ ਵਿਸ਼ੇਸ਼ ਸਮਝੌਤੇ ਦੇ ਅਧੀਨ ਹੈ। ਇਹ ਸਮਝੌਤਾ ਪੰਜਾਬ ਅਤੇ ਹਰਿਆਣਾ ਦੀ ਪਾਣੀ ਦੀ ਮੁਕਾਬਲਤਨ ਜ਼ਰੂਰਤ ਨੂੰ ਮੁੱਖ ਰਖ ਕੇ ਕੀਤਾ ਗਿਆ ਸੀ। ਪਾਣੀ ਦੀ ਲੋੜ ਪੰਜਾਬ ਨੂੰ ਵੀ ਹੈ ਤੇ ਹਰਿਆਣਾ ਨੂੰ ਵੀ ਹੈ ਤੇ ਰਾਜਸਥਾਨ ਨੂੰ ਵੀ ਹੈ। ਭਾਖੜਾ ਡੈਮ ਅਤੇ ਫੇਰ ਬਿਆਸ ਡੈਮ ਦੀਆਂ ਯੋਜਨਾਵਾਂ ਸਾਰੇ ਉਤਰੀ ਖਿਤੇ ਨੂੰ ਮੁੱਖ ਰੱਖ ਕੇ ਬਣਾਈਆਂ ਗਈਆਂ ਸਨ। ਪੈਸਾ ਵੀ ਮੁੱਖ ਤੌਰ ਤੇ ਕੇਂਦਰ ਦੇ ਫੰਡ ਵਿਚੋਂ ਆਇਆ ਸੀ। ਵੱਡੇ ਘਰ ਵਿਚ ਜਦੋਂ ਇਕੱਠੇ ਰਹੀਏ ਤਾਂ ਕੁਝ ਕੁਰਬਾਨੀਆਂ ਵੀ ਕਰਨੀਆਂ ਪੈਂਦੀਆਂ ਹਨ, ਪਰ ਇਹਦੇ ਨਾਲ ਕੁਝ ਸਹੂਲਤਾਂ ਵੀ ਮਿਲਦੀਆਂ ਹਨ। ਅੱਜ ਤੁਸੀਂ ਨਹਿਰ ਨਹੀਂ ਨਿਕਲਣ ਦੇਵੋਗੇ, ਕੱਲ ਹਰਿਆਣਾ ਵਿਚ ਕੋਈ ਹਿੰਦੂ ਸੰਮਤੀ ਇਹ ਮੰਗ ਕਰ ਦੇਵੇ ਕਿ ਅਸੀਂ ਪੰਜਾਬ ਵੱਲ ਕੋਈ ਕੋਇਲੇ ਦੀ, ਪੈਟਰੋਲ ਦੀ, ਡੀਜ਼ਲ ਗੱਡੀ ਨਹੀਂ ਲੰਘਣ ਦੇਣੀ ਤਾਂ ਗੱਲ ਕਿਥੇ ਪੁੱਜ ਜਾਏਗੀ! ਸਿੱਖ ਵੱਖਵਾਦੀ ਜੇਕਰ ਖਾਲਿਸਤਾਨ ਦੀ ਮੰਗ ਨੂੰ ਮੁੱਖ ਨਿਸ਼ਾਨਾ ਮੰਨ ਕੇ ਇਹ ਮੰਗ ਕਰਦੇ ਹਨ ਤਾਂ ਦਲੀਲ ਦੀ ਕੁਝ ਸਮਝ ਆ ਸਕਦੀ ਹੈ, ਪਰ ਜਮਹੂਰੀ ਸੋਚ ਦੇ ਲੋਕ ਵੀ ਜਦੋਂ ਇਸ ਸ਼ਾਵਨਵਾਦ ਦੇ ਸ਼ਿਕਾਰ ਹੋ ਜਾਂਦੇ ਹਨ ਤਾਂ ਹੈਰਾਨਗੀ ਹੁੰਦੀ ਹੈ। ਪੰਜਾਬ ਦਾ ਪਾਣੀ, ਬਿਹਾਰ ਦਾ ਕੋਇਲਾ, ਬੰਗਾਲ ਤੇ ਉੜੀਸਾ ਦਾ ਅਸਪਾਤ, ਗੁਜਰਾਤ ਦਾ ਤੇਲ, ਕੇਰਨਾਟਕ ਦਾ ਯੂਰੇਨੀਅਮ (ਭਵਿਖ ਵਿਚ ਨਿਊਕਲਾਈ ਸ਼ਕਤੀ ਦਾ ਮੂਲ ਪਦਾਰਥ) ਇਹ ਸਮੁੱਚੇ ਦੇਸ਼ ਦੀ ਆਰਥਕਤਾ ਦਾ ਭਾਗ ਹਨ ਤੇ ਇਸੇ ਪ੍ਰਸੰਗ ਵਿਚ ਇਹਨਾਂ ਨੂੰ ਵੇਖਿਆ ਜਾਣਾ ਚਾਹੀਦਾ ਹੈ। ਕੇਂਦਰ ਵਿਚ ਕਾਬਜ਼ ਸਰਮਾਏਦਾਰੀ ਸਮੁੱਚੇ ਦੇਸ਼ ਦੀ ਆਪਣੇ ਹਿਤਾਂ ਵਿੱਚ ਲੁੱਟ ਖਸੁੱਟ ਕਰ ਰਹੀ ਹੈ। ਪੰਜਾਬ ਦੇ ਕਿਸਾਨਾਂ ਨਾਲ ਵਿਤਕਰਾ ਹੋ ਰਿਹਾ ਹੈ ਤਾਂ ਬਿਹਾਰ ਦੀ ਕਿਸਾਨੀ ਕੋਈ ਝੂਲੇ ਨਹੀਂ ਪਈ ਝੂਲਦੀ। ਸਾਨੂੰ ਸਾਂਝੇ ਸੰਘਰਸ਼ ਵੱਲ ਵਧਣਾ ਚਾਹੀਦਾ ਹੈ ਅਤੇ ਹਰ ਇਕ ਉਹ ਕਦਮ ਜਿਸਦੇ ਨਾਲ ਵੱਖ ਵੱਖ ਲੋਕਾਂ ਵਿਚ ਆਪਣੀ ਨਫ਼ਰਤ ਪੈਦਾ ਹੁੰਦੀ ਹੈ, ਉਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸਤਲੁਜ-ਯਮਨਾ ਨਹਿਰ ਦੀ ਖੁਦਾਈ ਨੂੰ ਰੋਕਣਾ ਨਹੀਂ ਸਗੋਂ ਥੀਨ ਡੈਮ (ਹੁਣ ਰਣਜੀਤ ਡੈਮ) ਦੀ ਜਲਦੀ ਉਸਾਰੀ ਮੁੱਖ ਮੰਗ ਹੋਣੀ ਚਾਹੀਦੀ ਹੈ। ਕੇਂਦਰ ਦੇ ਵਿਰੁੱਧ ਕੋਈ ਵੀ ਸੰਘਰਸ਼ ਜੇਕਰ ਸ਼ਾਵਨਵਾਦੀ ਰੂਪ ਧਾਰ ਜਾਏਗਾ ਤਾਂ ਉਹ ਗ਼ਲਤ ਸ਼ਕਤੀਆਂ ਦੇ ਹੱਥ ਖੇਡਣਾ ਹੋਵੇਗਾ।

—ਗੁਰਸ਼ਰਨ ਸਿੰਘ

o

Regd. with Registrar, News Paper vide No. MA/12397-D dated 18.4.80
Post Office No. P/AR—133

## ਪ੍ਰਗਤੀਸ਼ੀਲ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ ਵੱਲੋਂ

ਬਣਾਈ ਜਾਣੀ ਵਾਲੀ ਪਹਿਲੀ ਫਿਲਮ **ਹਾਣੀ** ਜਿਹੜੀ **ਅਕਤੂਬਰ 1986** ਵਿਚ ਸੈੱਟ ਤੇ ਜਾ ਰਹੀ ਹੈ, ਪਹਿਲੀ ਪੰਜਾਬੀ ਫਿਲਮ ਹੋਵੇਗੀ, ਜਿਹੜੀ ਆਧੁਨਿਕ ਪੰਜਾਬ ਦੀ ਜ਼ਿੰਦਗੀ ਦੀ ਪੂਰੀ ਤਰ੍ਹਾਂ ਪ੍ਰਤੀਨਿਧਤਾ ਕਰੇਗੀ। ਅਸੀਂ ਪੰਜਾਬ ਵਿਚ ਸਿਹਤਮੰਦ ਜ਼ਿੰਦਗੀ ਗੁਜ਼ਾਰ ਰਹੇ ਹਾਂ। ਆਪਣੀਆਂ ਮਾਵਾਂ, ਭੈਣਾਂ, ਭਾਬੀਆਂ, ਭੈਣਾਂ ਵਰਗੀਆਂ ਸਾਲੀਆਂ, ਮਾਵਾਂ ਵਰਗੀਆਂ ਸੱਸਾਂ ਦਾ ਸਤਿਕਾਰ ਕਰਦੇ ਹਾਂ। ਸਾਡਾ ਅਸਲ ਸੰਘਰਸ਼ ਉਹਨਾਂ ਤਾਕਤਾਂ ਦੇ ਵਿਰੁੱਧ ਹੈ, ਜਿਹੜੇ ਜ਼ਿੰਦਗੀ ਦਾ ਪਹੀਆ ਰੂੜ੍ਹੀਵਾਦੀ ਕਦਰਾਂ ਕੀਮਤਾਂ ਨਾਲ ਜਾਮ ਕਰਨਾ ਚਾਹੁੰਦੇ ਹਨ। ਅਸੀਂ ਪਿਆਰ ਦੇ ਰਿਸ਼ਤਿਆਂ ਨੂੰ ਜ਼ਿੰਦਗੀ ਦੇ ਸਾਥ ਵਿਚ ਬਦਲਨਾ ਇਕ ਕੁਦਰਤੀ ਅਮਲ ਸਮਝਦੇ ਹਾਂ। ਸਾਡਾ ਵਿਰਸਾ ਸਿਰਫ਼ ਰਾਂਝੇ ਹੀਰਾਂ ਦਾ ਨਹੀਂ। ਭਗਤ ਸਿੰਘ ਵਰਗੇ ਇਨਕਲਾਬੀ ਸਾਡੇ ਮਾਰਗ-ਦਰਸ਼ਕ ਰਹੇ ਹਨ। ਅਸੀਂ ਪਿਆਰ ਦੇ ਗੀਤ ਵੀ ਗਾਂਦੇ ਹਾਂ, ਅਸੀਂ ਸੰਘਰਸ਼ ਦੇ ਗੀਤ ਵੀ ਗਾਂਦੇ ਹਾਂ। ਅਸੀਂ ਹੱਸਦੇ ਹਾਂ ਤਾਂ ਬਹੁਤ ਉੱਚੀ ਹੱਸਦੇ ਹਾਂ, ਪਰ ਸਾਡਾ ਲੱਚਰ ਵਾਹਯਾਤ ਹਾਸਾ ਨਹੀਂ। ਸਾਡਾ ਹਾਸਾ ਵੀ ਸਾਨੂੰ ਪ੍ਰੇਰਨਾ ਦੇਂਦਾ ਹੈ ਕਿ ਅਸੀਂ ਜ਼ਿੰਦਗੀ ਦੇ ਹਾਸਿਆਂ ਦੀ ਰਖਵਾਲੀ ਕਰੀਏ। ਅਸੀਂ ਹਾਣੀ ਹਾਂ, ਜ਼ਿੰਦਗੀ ਦੀ ਨੁਹਾਰ ਬਦਲਣ ਲਈ ਬਾਹਵਾਂ 'ਚ ਬਾਹਵਾਂ ਪਾਈਆਂ ਹਨ। ਅਸੀਂ ਮਾਣਮੱਤੀ ਜ਼ਿੰਦਗੀ ਦੇ ਪ੍ਰਤੀਕ ਹਾਂ। ਇਹ ਜਜ਼ਬੇ ਪੇਸ਼ ਕਰਨ ਲਈ ਅਸੀਂ ਤੁਹਾਡੇ ਸਾਹਮਣੇ ਆਪਣੀ ਪਹਿਲੀ ਫਿਲਮ **ਹਾਣੀ** ਲੈ ਕੇ ਆਏ ਹਾਂ। ਸਾਨੂੰ ਅਸ਼ੀਰਵਾਦ ਦੇਵੋ।

**—ਪ੍ਰਗਤੀਸ਼ੀਲ ਫਿਲਮ ਨਿਰਮਾਤਾ ਸੋਸਾਇਟੀ, ਪੰਜਾਬ**

**ਪ੍ਰਗਤੀਸ਼ੀਲ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ ਦੀ ਮੈਂਬਰਸ਼ਿਪ :**

| | | | |
|---|---|---|---|
| **ਬਾਨੀ ਮੈਂਬਰ** | **10,000/-** | **ਸਰਗਰਮ ਮੈਂਬਰ** | **5000/-** |
| **ਸਾਧਾਰਨ ਮੈਂਬਰ** | **2,500/-** | **ਸਹਿਯੋਗੀ ਮੈਂਬਰ** | **1000/-** |

**ਮੈਂਬਰਸ਼ਿਪ ਲਈ ਦਿੱਤੀ ਰਕਮ ਫਿਲਮ ਬਨਾਉਣ ਤੇ ਖ਼ਰਚ ਕੀਤੀ ਜਾਵੇਗੀ। ਇਹ ਰਕਮ ਮੇਰੀ ਨਿੱਜੀ ਜ਼ਿੰਮੇਵਾਰੀ ਤੇ 31.12.87 ਨੂੰ ਸੂਦ ਸਮੇਤ ਵਾਪਸ ਕੀਤੀ ਜਾਵੇਗੀ। ਇਹ ਰਕਮ ਮੇਰੇ ਹੀ ਨਾਂ ਚੈੱਕ ਜਾਂ ਡਰਾਫਟ ਰਾਹੀਂ ਭੇਜੀ ਜਾਏ।**

**ਗੁਰਸ਼ਰਨ ਸਿੰਘ, ਕਨਵੀਨਰ ਪ੍ਰਗਤੀਸ਼ੀਲ ਫਿਲਮ ਨਿਰਮਾਤਾ ਸੋਸਾਇਟੀ ਪੰਜਾਬ,**
**ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ (143002)**

---

## ਪੰਜਾਬ ਲੋਕ ਸਭਿਆਚਾਰਕ ਮੰਚ ਦਾ ਸਾਲਾਨਾ ਸਥਾਪਨਾ ਦਿਵਸ

### ਇਸ ਵਾਰ 5-6 ਅਪ੍ਰੈਲ ਬਲਦ ਕਲਾਂ (ਜ਼ਿਲਾ ਸੰਗਰੂਰ) ਵਿਖੇ

**ਪ੍ਰੋਗਰਾਮ : 5 ਅਪ੍ਰੈਲ (ਸ਼ਨੀਵਾਰ)** ਰਾਤ 8 ਵਜੇ ਤੋਂ ਦੇਰ ਰਾਤ ਤਕ ਸਭਿਆਚਾਰਕ ਪ੍ਰੋਗਰਾਮ ਜਿਸ ਵਿਚ ਮੰਚ ਦੀਆਂ ਵੱਖ ਵੱਖ ਟੀਮਾਂ ਅਤੇ ਕਲਾਕਾਰ ਭਾਗ ਲੈਣਗੇ। ਹਾਜ਼ਰ ਕਵੀ ਆਪਣੀਆਂ ਚੋਣਵੀਆਂ ਕਵਿਤਾਵਾਂ ਪੇਸ਼ ਕਰਨਗੇ।

**6 ਅਪ੍ਰੈਲ (ਐਤਵਾਰ)** ਦਸ ਵਜੇ ਤੋਂ ਇਕ ਵਜੇ ਦੁਪਹਿਰ

1. ਜਨਰਲ ਸਕੱਤਰ ਦੀ ਰੀਪੋਰਟ ਅਤੇ ਬਹਿਸ 2. ਅਹੁਦੇਦਾਰਾਂ ਦੀ ਚੋਣ 3. ਅਗਲੇ ਸਾਲ ਲਈ ਕੰਮਾਂ ਦੀ ਰੂਪ ਰੇਖਾ

ਹਰ ਉਹ ਸਭਿਆਚਾਰਕ ਕਾਮਾ/ਟੋਲੀ, ਜਿਹੜੀ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਐਲਾਨਨਾਮੇ ਅਤੇ ਵਿਧਾਨ ਨਾਲ ਸਹਿਮਤ ਹੈ ਅਤੇ ਲਾਗੂ ਕਰਨ ਲਈ ਵਚਨਬੱਧ ਹੈ, ਉਹ 6 ਅਪ੍ਰੈਲ ਸਵੇਰੇ 9 ਵਜੇ ਤਕ 5/- ਮੈਂਬਰਸ਼ਿਪ ਫੀਸ ਦੇ ਕੇ ਚੋਣ ਵਿਚ ਹਿੱਸਾ ਲੈ ਸਕਦੀ ਹੈ। ਪਿਛਲੇ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਸਾਲਾਨਾ ਫ਼ੀਸ ਦੇ ਕੇ ਆਪਣੀ ਮੈਂਬਰ-ਸ਼ਿਪ ਜਾਰੀ ਰੱਖਣ।

ਨਰੋਏ, ਉੱਚੇ ਤੇ ਸੁੱਚੇ ਸਭਿਆਚਾਰ ਦੇ ਚਾਹਵਾਨ ਲੋਕਾਂ ਨੂੰ ਅਪੀਲ ਹੈ ਕਿ ਮੰਚ ਦੇ ਸਮਾਗਮ ਵਿਚ ਸ਼ਾਮਲ ਹੋ ਕੇ ਇਸਨੂੰ ਸਫਲ ਬਨਾਉਣ।

**ਸਬਜਿੰਦਰ ਕੇਦਾਰ, ਜ. ਸਕੱਤ੍ਰ ਪਲਸ ਮੰਚ** **ਗੁਰਸ਼ਰਨ ਸਿੰਘ, ਪ੍ਰਧਾਨ ਪਲਸ ਮੰਚ**

**ਨੋਟ :** 1. ਸਮਾਗਮ ਤੇ ਬਾਹਰੋਂ ਆਏ ਮਹਿਮਾਨਾਂ ਲਈ ਰੋਟੀ ਦਾ ਇੰਤਜ਼ਾਮ ਹੋਵੇਗਾ।
2. ਬਲਦਕਲਾਂ ਭਵਾਨੀਗੜ੍ਹ-ਪਟਿਆਲਾ ਰੋਡ ਤੇ ਭਵਾਨੀਗੜ੍ਹ ਤੋਂ 7 ਕਿਲੋਮੀਟਰ ਦੂਰ ਹੈ।